# ਸਾਰੁਕਤਾਵਲੀ

## ਸਟੀਕ



**ਪੰਡਿਤ ਹਰਦਿਆਲ ਜੀ**

ਟੀਕਾਕਾਰ : ਗਿਆਨੀ ਭਗਵਾਨ ਸਿੰਘ

੧ੴ ਸਤਿਗੁਰ ਪ੍ਰਸਾਦਿ ॥

# ਸਾਰੁਕਤਾਵਲੀ

## ਸਟੀਕ

ਕ੍ਰਿਤ ਕਵੀ—

**ਪੰਡਿਤ ਹਰਦਿਆਲ ਜੀ**

ਟੀਕਾਕਾਰ :

**ਗਿਆਨੀ ਭਗਵਾਨ ਸਿੰਘ**

Prabhjot Singh
Digitally signed by Prabhjot Singh
DN: cn=Prabhjot Singh, o, ou, email=prabh.singh@gmail.com, c=GB
Date: 2010.01.23 17:35:41 Z

ਪ੍ਰਕਾਸ਼ਕ -

**ਭਾ: ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ।

© ਪ੍ਰਕਾਸ਼ਕ

# SAARUKTAAWALI

by Pandit Hardyal Ji

*Translated into Punjabi by Giani Bhagwan Singh*

ISBN : 81-7601-534-2

**ਨਵੀਂ ਸੋਧੀ ਹੋਈ ਐਡੀਸ਼ਨ ਮਈ 2003**

**ਭੇਟਾ : 40-00**

ਪ੍ਰਕਾਸ਼ਕ-

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।

ਫੋਨ : (0183) 2542346, 2547974

ਫੈਕਸ : (0183) 2557973

E-Mail : csjs@jla.vsnl.net.in

Visit our Website : www.csjs.com

(Printed In India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774*

ੴ ਸਤਿਗੁਰ ਪ੍ਰਸਾਦਿ॥

# ਅਥ ਸਾਰੁਕਤਾਵਲੀ ਸਟੀਕ ਲਿਖ੍ਯਤੇ॥

ਦੋਹਰਾ॥ ਪਗ ਬੰਦਨ ਆਨੰਦ ਕਰ ਸ੍ਰੀ ਗੁਰ ਦੇਵ ਮੁਰਾਰ॥
ਟੀਕਾ ਕਰੋ ਸੁਕਤਾਵਲੀ ਦਸੇ ਗੁਰੂ ਉਰਧਾਰ॥੧॥
ਹਾਜਰ ਹਰੀ ਗੁਰ ਚਰਨ ਪਰ ਕਰੋ ਸਦਾ ਪਰਨਾਮ॥
ਕ੍ਰਿਪਾ ਕਰੋ ਮੋਹਿ ਦੀਨ ਪਰ ਦੂਰ ਕਰੋ ਮੋਹਿ ਆਮ॥੨॥

ਪ੍ਰਥਮੇ ਦਸਾਂ ਗੁਰਾਂ ਕੋ ਨਮਸ਼ਕਾਰ ਕਰਕੇ ਮੰਗਲਾਚਰਨ ਕਹੇ ਹੈਂ, ਜੋ ਸਰੇਸ਼ਟ ਜੁਗਤੀਓਂ ਕੀ ਪੰਗਤੀ ਕਹਿਣੇ ਵਾਲੀ ਹੋਵੇ ਸੋ ਸਾਰੁਕਤਾਵਲੀ ਹੈ।

**ਦੋਹਰਾ॥ ਸ੍ਰੀ ਪਤ ਪ੍ਰਿਥਮ ਨਮਾਮਿ ਮਮ ਯੋਗੀ ਰਿਦੈ ਨਿਵਾਸ॥**
**ਭੋਗੀ ਰਿਦੈ ਉਦਾਸ ਜੋ ਵੈ ਮਮ ਸੁਮਤਿ ਪ੍ਰਕਾਸ਼॥੧॥**

ਲਛਮੀ ਕਾ ਪਤੀ ਜੋ ਵਿਸ਼ਨੂੰ ਜੀ ਹੈ ਤਿਨ ਕੋ ਮੇਰੀ ਨਮਸ਼ਕਾਰ ਹੈ। ਕੈਸੇ ਹੈਂ ਵਿਸ਼ਨੂੰ ਜੀ, ਜੋਗੀਆਂ ਕੇ ਹਿਰਦੇ ਨਿਵਾਸ ਹੈ, ਔਰ ਭੋਗੀ ਰਿਦੇ ਸੇ ਉਦਾਸ ਰਹਿਤੇ ਹੈਂ, ਸੋ ਵਿਸ਼ਨੂੰ ਜੀ ਮੇਰੀ ਬੁਧ ਕੋ ਪ੍ਰਕਾਸ਼ ਕਰੇ ਸਰੇਸ਼ਟ॥੧॥

*ਦਵੈਯਾ ਛੰਦ॥*

**ਗਤਪਤ ਨ੍ਰਿਪ ਵਤ ਭਗਤ ਪ੍ਰਜਾ ਕੇ ਨਮੋ ਕਣੰ ਕਰ ਅੰਗੀਕਾਰ॥**

ਗਣੇਸ਼ ਜੀ ਮਹਾਰਾਜ ਰਾਜਾ ਕੀ ਨਿਆਈਂ ਹਨ, ਰਾਜਾ ਕੀ ਪਰਜਾ ਹੋਤੀ ਹੈ, ਇਨ ਕੀ ਪਰਜਾ ਭਗਤ ਹੈਂ। ਰਾਜਾ ਕਣ ਲੇਤਾ ਹੈ, ਇਹ ਨਮਸ਼ਕਾਰ ਰੂਪੀ ਭਗਤਾਂ ਪਾਸੋਂ ਕਣ ਲੇਤੇ ਹੈਂ।

**ਕਾਮ ਚੋਰ ਬਿਘਣੀ ਬੁਧਿ ਸਸਿ ਕੇ ਪ੍ਰਤਿ ਦਿਨ ਕਰ ਹੈ ਤਾਸ ਪ੍ਰਹਾਰ॥**

ਕਾਮ ਰੂਪੀ ਚੋਰ ਬੁਧਿ ਰੂਪੀ ਖੇਤੀ ਮੇਂ ਵਿਘਨ ਕਰਨੇ ਵਾਲੇ ਤਿੰਨਾਂ ਕੋ ਦਿਨ ਦਿਨ ਨਾਸ ਕਰਤੇ ਹੈਂ।

**ਰਿਦਯ ਨਿਕੇਤ ਸਮਾਦਿ ਵਭੂਤੰ, ਕਰੁਣਾਕਰ ਕਰਿ ਹੈ ਬਿਸਥਾਰ॥**

ਰਾਜਾ ਕੇ ਮਹਲ ਹੋਤੇ ਹੈਂ, ਗਣੇਸ਼ ਜੀ ਕੇ ਮਹਲ ਭਗਤੋਂ ਕਾ ਹਿਰਦਾ ਹੈ। ਰਾਜਾ ਕੇ ਪਾਸ ਖਜ਼ਾਨੇ ਹੋਤੇ ਹੈਂ, ਗਣੇਸ਼ ਜੀ ਕੇ ਪਾਸ ਸਮ ਦਮ ਹੀ ਖਜ਼ਾਨੇ ਹੈਂ। ਏਹ ਭਗਤਾਂ ਕੇ ਹਿਰਦੇ ਵਿਚ ਵਧਾਤੇ ਹੈਂ।

**ਤਾਤੇ ਮੈਂ ਤਿਹ ਕਰੁਣਾਕਰ ਕੌ, ਕਰੌਂ ਅਨੇਕ ਸੁ ਭਾਵ ਜੁਹਾਰ॥ ੨॥**

ਤਾਂਤੇ ਮੈਂ ਤਿਸ ਕਿਰਪਾ ਕੀ ਖਾਣ ਵਾਲੇ ਕੋ ਨਮਸ਼ਕਾਰ ਕਰਦਾ ਹਾਂ ਅਨੇਕ ਵਾਰ ਹੀ ਪਰੇਮ ਸਹਿਤ॥ ੨॥

**ਭੁਯੰਗ ਪ੍ਰਯਾਤ ਛੰਦ॥ ਨਮੋ ਸਾਰਦਾ ਮਾਤ ਵਿੱਦਿਆ ਪ੍ਰਦੈਨੀ।**

ਨਮਸ਼ਕਾਰ ਕਰਦਾ ਹਾਂ ਸੁਰਸਤੀ ਮਾਤਾ ਵਿੱਦਿਆ ਦੇਣ ਵਾਲੀ ਕੋ।

**ਕਰੋ ਮੇਧ ਮੇਧਾ ਜਥਾ ਕੰ ਤ੍ਰਬੈਨੀ।**

ਹੇ ਮਾਤਾ ਬੁਧੀ ਮੇਰੀ ਪਵਿੱਤਰ ਕਰੋ, ਜੈਸੇ ਜਲ ਤ੍ਰਿਬੈਨੀ ਕਾ ਗੰਗਾ ਜਮਨਾ ਸੁਰਸਤੀ ਕਾ ਹੈ।

**ਕਰੋ ਨਸ਼ਟ ਮੋਹਾਦਿ ਸ਼ਾਂਤਾਦਿ ਦਿੱਜੈ।**

ਮਾਤਾ ਕਾਮ ਕ੍ਰੋਧ ਲੋਭ ਮੋਹ ਥੀਂ ਆਦਿ ਲੈ ਕੇ ਨਸ਼ਟ ਕਰ ਔਰ ਸਤਿਸੰਗ ਮੇਲ ਔਰ ਸ਼ਾਂਤੀ ਦੇਵੋ।

**ਹਰੋ ਆਪਕਾਰੀ ਰਿਦੈ ਧਾਮ ਕਿੱਜੈ॥ ੩॥**

ਏਹ ਜੋ ਪਰਮੇਸ਼ਰ ਦੇ ਨਾਮ ਤੋਂ ਬੇਮੁਖ ਕਰਨ ਵਾਲੇ ਹੈਂ, ਉਹਨਾਂ ਨੂੰ ਦੂਰ ਕਰੋ ਅਤੇ ਮੇਰੇ ਰਿਦੇ ਕੋ ਸ਼ੁੱਧ ਪਰਕਾਸ਼ ਕਰਕੇ ਘਰ ਕਰੋ॥ ੩॥

**ਦੋਹਰਾ॥ ਅਥ ਸ੍ਰੀ ਸਾਰੁਕਤਾਵਲੀ ਭਾਖਾ ਕ੍ਰਿਤ ਹਰਦਿਆਲ।**

ਤਿਸਦੇ ਉਪਰ ਸੁਭਾਇਮਾਨ ਸਰੇਸ਼ਟ ਵਸਤੂ ਕੀ ਜੁਗਤੀਓਂ ਕੀ ਬ੍ਰਿਧੀ ਹੈ, ਤਿਸ ਕੋ ਭਾਸ਼ਾ ਮੇਂ ਹਰਦਿਆਲ ਕਵੀ ਕਹਿਤੇ ਹੈਂ।

**ਵਰਣਾਰਥ ਕੇ ਦੋਖ ਕੋ ਬੁਧ ਜਨ ਪਢੋ ਸੰਭਾਲ॥ ੪॥**

ਅੱਖਰ ਵੱਧ ਘੱਟ ਹੋਵੇ, ਅਰਥ ਠੀਕ ਨਾ ਹੋਵੇ, ਹੇ ਬੁਧੀਵਾਨੋ ਸ਼ੁੱਧ ਕਰਕੇ ਪੜ੍ਹੋ ਜੀ, ਕਵੀ ਜਨ ਕਹਿਤੇ ਹੈਂ॥ ੪॥

**ਨਉਘਟ ਦ੍ਵੈ ਸਤ ਮੂਲ ਬ੍ਰਿਤਿ ਪੰਦ੍ਸ ਤਿਹ ਅਧਜਾਇ।**

ਨਉਵਾ ਘਤ ਦੋ ਸੈ ਸੰਸਕ੍ਰਿਤ ਕਾ ਛੰਦ ਹੈ, ਪੰਦਰਾਂ ਤਿਸ ਕੇ ਧਿਆਏ ਹੈਂ।

**ਕੰਠ ਧਰੇ ਜੜਤਾ ਹਰੇ ਮੰਗਲ ਅੰਗ ਲਗਾਇ॥ ੫॥**

ਜੋ ਇਸਕੋ ਕੰਠ ਕਰੇ ਉਸ ਕੀ ਮੂਰਖਤਾਈ ਦੂਰ ਹੋਤੀ ਹੈ, ਜੋ ਇਸ ਕੋ ਵਿਚਾਰੇ ਹਿਰਦੇ ਮੇਂ ਤਿਸਕੋ ਮੰਗਲ ਦੇਵੇਗੀ॥ ੫॥

**ਭਾਖਾ ਸਾਰੁਕਤਾਵਲੀ ਸੂਕਤਾਵਲੀ ਮੂਲ।**
**ਕੇਚਿਤ ਭਾਖੈ ਸਭਾਜਿਤ ਤ੍ਰਿਤੀ ਨਾਮ ਅਨਕੂਲ॥ ੬॥**

ਇਸ ਕੇ ਤੀਨ ਨਾਮ ਹੈਂ, ਭਾਸ਼ਾ ਮੇਂ ਸਾਰੁਕਤਾਵਲੀ ਹੈ, ਸੰਸਕ੍ਰਿਤ ਮੇਂ ਸੂਕਤਾਵਲੀ ਹੈ, ਕਈ ਇਸ ਕਾ ਨਾਮ ਸਭਾਜਿਤ ਕਹਿਤੇ ਹੈਂ, ਤਿੰਨੇ ਹੀ ਨਾਮ ਅਨੁਸਾਰ ਹੈਂ।

ਅਥ ਦੋ ਸਲੋਕ ਕਰਕੇ ਮੂਲ ਮੰਗਲਾਚਰਨ ਕਹੇ ਹੈਂ ਕਵੀ ਜੀ ਨੇ।

**ਛਪੈ ਛੰਦ॥ ਧਰਮ ਸਰਬ ਸੁਖ ਖਾਨ ਜਾਨ ਸਭ ਕੋ ਹਿਤਕਾਰੀ।**

ਜੋ ਆਪਣਾ ਧਰਮ ਹੈ ਸਰਬ ਸੁਖ ਕੀ ਖਾਨ ਹੈ ਔਰ ਸਭ ਕੋ ਮੁਕਤੀ ਦੇਣੇ ਵਾਲਾ ਹੈ, ਦੇਖੋ ਧਰਮੀ ਨੇ ਸੀਸ ਦੀਆ ਧਰਮ ਨਹੀਂ ਹਾਰਿਆ।

**ਧਰਮ ਧਰੇ ਬੁਧਮਾਨ ਨਿਰੰਤਰ ਚੀਤ ਮਝਾਰੀ।**

ਤਾਂਤੇ ਬੁਧੀਮਾਨ ਹੈ ਜੋ ਸਦਾ ਹੀ ਹਿਰਦੇ ਵਿਖੇ ਧਰਮ ਕੋ ਧਾਰੇ।

**ਧਰਮ ਸਰਬ ਸੁਖ ਹੇਤ ਨਿਖਲ ਕਿਲ ਕਲਿਮਲ ਖੋਵਤ।**

ਧਰਮ ਸੰਪੂਰਨ ਸੁਖ ਕਾ ਕਾਰਨ ਹੈ, ਸਮੂੰਹ ਪਾਪਾਂ ਕਾ ਨਾਸ ਕਰਤਾ ਹੈ।

**ਤੀਨ ਦੇਵ ਕੇ ਦੇਸ ਧਰਮ ਕਰ ਪ੍ਰਾਪਤ ਹੋਵਤ।**

ਬ੍ਰਹਮ ਪੁਰੀ ਵਿਸ਼ਨਪੁਰੀ ਮੇਂ ਜਾਤਾ ਹੈ ਜੋ ਧਰਮ ਕਰਤਾ ਹੈ।

**ਦਸ ਅਸ਼ਟ ਨਰਕ ਕੁਸ਼ਟਨ ਵਿਖੇ ਧਰਮ ਬਿਮੁਖ ਨਰ ਨੀਤ ਗਮ।**
**ਹੈ ਧਰਮ ਸਾਰ ਸੰਸਾਰ ਮੇਂ ਤਾਂਤੇ ਧਰਮ ਨਮਾਮਿ ਮਮ॥ ੭॥**

ਧਰਮ ਤੇ ਰਹਿਤ ਜੋ ਪੁਰਸ਼ ਹੈ ਅਠਾਰਾਂ ਨਰਕ ਕੁਸ਼ਟਾਦਿ ਵਿਖੇ ਮਰ ਕੇ ਜਾਤਾ ਹੈ, ਸਾਰੇ ਸੰਸਾਰ ਵਿਖੇ ਧਰਮ ਹੀ ਸਰੇਸ਼ਟ ਹੈ, ਤਾਂਤੇ ਤਿਸ ਧਰਮ ਕੋ ਮੇਰੀ ਨਮਸ਼ਕਾਰ ਹੈ॥ ੭॥

**ਚੌਪਈ॥ ਆਨ ਸੁਹਿਰਦ ਨ ਧਰਮ ਬਿਨਾਂ ਜਨ।**

ਧਰਮ ਤੋਂ ਬਿਨਾਂ ਇਸ ਜੀਵ ਕਾ ਕੋਈ ਮਿੱਤਰ ਨਹੀਂ ਹੈ।

**ਸੰਤ ਜਨਾ ਕੋ ਸਹੀ ਧਰਮ ਧਨ॥**

ਸੰਤਾਂ ਦਾ ਧਰਮ ਹੀ ਧਨ ਹੈ ਨਿਸਚੇ ਕਰਕੇ।

**ਧਰਮ ਧਰੋ ਮੈਂ ਨਿਤ ਚਿਤ ਅੰਤਰ।**

ਤਾਂਤੇ ਮੈਂ ਧਰਮ ਨੂੰ ਹੀ ਸਦਾ ਚਿੱਤ ਵਿਖੇ ਧਾਰਦਾ ਹਾਂ।

**ਮੁਝੇ ਪਾਲ ਹੇ ਧਰਮ ਨਿਰੰਤਰ॥ ੮॥**

ਹੇ ਧਰਮ ਮੇਰੀ ਪਾਲਣਾ ਕਰ ਸਦਾ ਹੀ॥ ੮॥

**ਦੋਹਰਾ॥ ਅਥ ਪ੍ਰਿਥਮੇ ਦਸ ਛੰਦ ਕਰ ਵਰਨੋ ਧਰਮ ਮਨਾਕ॥**

ਪਹਿਲੇ ਦਸਾਂ ਛੰਦਾਂ ਮੇਂ ਥੋੜ੍ਹਾ ਧਰਮ ਕੋ ਕਥਨ ਕਰਤੇ ਹੈਂ।

**ਧਰਮ ਸਵਰੂਪ ਨਮਿਤ ਬ੍ਰਿਧ ਇਸਥਿਤ ਨਸ਼ਟ ਵਿਪਾਕ॥ ੯॥**

ਧਰਮ ਕੀ ਉਤਪਤੀ ਕੈਸੇ ਹੋਤੀ ਹੈ, ਵਧਦਾ ਕਿਸ ਤਰ੍ਹਾਂ ਰਹਿਤਾ ਹੈ ਅਤੇ ਨਾਸ ਕੈਸੇ ਹੋਤਾ ਹੈ॥ ੯॥

**ਖਿਮਾ ਅਹਿੰਸਾ ਦਯਾ ਮ੍ਰਿਦੁ ਸਤ ਬਚਨ ਤਪ ਦਾਨ।**

ਗਰੀਬਾਂ ਉਪਰ ਦਇਆ ਕਰਨੀ, ਜੀਅ ਨਾ ਮਾਰਨਾ, ਕੋਮਲ ਮਨ ਰੱਖਣਾ, ਸੱਚ ਬੋਲਣਾ, ਤਪ ਕਰਨਾ, ਦਾਨ ਕਰਨਾ, ਕੋਈ ਮਾੜੀ ਬਾਤ ਕਰੇ

ਤਾਂ ਖਿਮਾਂ ਕਰਨੀ।

**ਸੀਲ ਸੌਚ ਤ੍ਰਿਸ਼ਨਾ ਬਿਨਾ ਧਰਮ ਲਿੰਗ ਦਸ ਜਾਨ॥੧੦॥**

ਸੁਧਾ ਸੁਭਾਅ ਰੱਖਣਾ, ਪਵਿੱਤਰ ਰਹਿਣਾ, ਕਿਸੇ ਚੀਜ਼ ਦੀ ਤ੍ਰਿਸ਼ਨਾ ਨਾ ਕਰਨੀ, ਏਹ ਧਰਮ ਦੇ ਦੱਸ ਲੱਛਣ ਹਨ।

**ਚੋਪਈ॥ ਉਪਜੇ ਧਰਮ ਵਾਕ ਸਤ ਕਰਿ ਅਤਿ।**

ਸ਼ੰਕਾ— ਧਰਮ ਕੀ ਉਤਪਤੀ ਕੈਸੇ ਹੋਤੀ ਹੈ?

ਉੱਤਰ— ਸੱਚ ਬੋਲਨੇ ਸੇ।

**ਦਯਾ ਦਾਨ ਕਰ ਧਰਮ ਵਧੇ ਨਿੱਤ॥**

ਗਰੀਬਾਂ ਤੇ ਦਯਾ ਕਰਨੇ ਕਰਕੇ ਧਰਮ ਕੀ ਬ੍ਰਿਧੀ ਹੋਤੀ ਹੈ।

**ਇਸਥਿਤ ਧਰਮ ਖਿਮਾਂ ਕੇ ਸੰਗਾ।**

ਜੋ ਖਿਮਾਂ ਕਰਨੀ ਹੈ ਉਸ ਕੇ ਸਾਥ ਧਰਮ ਖੜਾ ਰਹਿਤਾ ਹੈ।

**ਧਰਮ ਕਰੋਧ ਕਰ ਹੋਤ ਵਿਭੰਗਾ॥ ੧੧॥**

ਜੋ ਕਰੋਧਵਾਨ ਪੁਰਸ਼ ਹੈ ਉਸ ਕੇ ਸਾਥ ਧਰਮ ਨਾਸ ਹੋ ਜਾਤਾ ਹੈ।

**ਦੋਹਰਾ॥ ਸੁਭ ਕੁਲ ਜਨਮ ਸਰੂਪ ਤਨ ਭੂਪ ਭੋਗ ਆਪੱਤ।**
**ਪੰਡਿਤ ਦੇਹ ਅਰੋਗ ਪੁਨ ਧਰਮ ਜਾਨ ਫਲ ਸੱਤ॥ ੧੨॥**

ਧਰਮ ਦਾ ਫਲ ਇਹ ਹੈ ਕਿ ਉੱਚੀ ਕੁਲ ਵਿਖੇ ਜਨਮ ਹੋਣਾ, ਰੂਪ ਸੁੰਦਰ ਹੋਣਾ, ਰਾਜੇ ਸਮਾਨ ਹੁਕਮ ਕਰਨੇ, ਧਨ ਬਹੁਤ ਹੋਣਾ, ਅੱਗੇ ਪੁਤ੍ਰਾਦਿਕ ਆਗਿਆਕਾਰ ਹੋਣੇ, ਪੰਡਤਾਂ ਕੇ ਸਮਾਨ ਤੱਤ ਕਾ ਵਿਚਾਰਣਾ, ਸਰੀਰ ਰੋਗਾਂ ਤੋਂ ਰਹਿਤ ਹੋਣਾ, ਇਹ ਸਭ ਧਰਮ ਦੇ ਫਲ ਹਨ।

**ਚੌਪਈ॥ ਧਰਮ ਪ੍ਰੀਤ ਨਿਤ ਬੇਦ ਬਿਚਾਰੈ।**
**ਉਤਮ ਦਾਨ ਸੁਭਾਵ ਜੁ ਧਾਰੈ।**

ਧਰਮ ਮੇਂ ਪਰੀਤ ਕਰੇ, ਬੇਦਾਂ ਕਾ ਬਿਚਾਰ ਕਰੇ ਔਰ ਮਨ ਕੋ ਨੀਵਾਂ

ਕਰਕੇ ਦਾਨ ਕਰੇ।

**ਇੰਦ੍ਰਿਹਿ ਅਰਥ ਵਿਰਾਗਹਿ ਮਨ ਜਿਹ।**
**ਜਿਹ ਇਹ ਪ੍ਰਾਪਤਿ ਸਫਲ ਜਨਮ ਤਿਹ॥੧੩॥**

ਸੰਸਾਰ ਕੇ ਪਦਾਰਥਾਂ ਤੋਂ ਉਦਾਸ ਹੈ ਮਨ ਜਿਸ ਕਾ, ਇਹ ਜਿਸ ਕੋ ਪ੍ਰਾਪਤ ਹੋਇਆ ਹੈ ਤਿਸ ਕਾ ਜਨਮ ਸੁਫਲ ਹੈ, ਉਹ ਪੁਰਸ਼ ਧੰਨ ਹੈ।

**ਦੋਹਰਾ॥ ਇੰਦ ਬਿਨਾ ਜਿਉਂ ਮੰਦ ਨਿਸਿ ਮੰਦ ਕੰਜ ਬਿਨ ਤਾਲ।**
**ਜੀਵ ਮੰਦ ਤਿਉਂ ਧਰਮ ਬਿਨ ਤਾਂਤੇ ਧਰਮ ਨ ਟਾਲ॥੧੪॥**

ਜੈਸੇ ਚੰਦਰਮਾਂ ਤੋਂ ਬਿਨਾਂ ਰਾਤ ਕਾਲੀ ਹੈ, ਜੈਸੇ ਕੰਵਲ ਤੋਂ ਬਿਨਾਂ ਤਲਾਅ ਮਾੜਾ ਹੈ। ਤੈਸੇ ਹੀ ਧਰਮ ਤੋਂ ਬਿਨਾਂ ਜੀਵ ਮੰਦਾ ਹੈ। ਧਰਮ ਨੂੰ ਤਿਆਗਣਾ ਯੋਗ ਨਹੀਂ॥ ੧੪॥

**ਸਮ ਸੰਤੋਖ ਨ ਔਰ ਸੁਖ ਤਪ ਨਾ ਖਿਮਾ ਸਮ ਜਾਨ।**
**ਬ੍ਰਹਮ ਗਿਆਨ ਸਮ ਦਾਨ ਨਹਿ ਧਰਮ ਨ ਦਯਾ ਸਮਾਨ॥੧੫॥**

ਸੰਤੋਖ ਕੇ ਸਮਾਨ ਹੋਰ ਸੁਖ ਨਹੀਂ ਹੈ, ਖਿਮਾਂ ਕੇ ਸਮਾਨ ਤਪ ਕੋਈ ਨਹੀਂ, ਐਸੇ ਬ੍ਰਹਮ ਗਿਆਨ ਸਮਾਨ ਦਾਨ ਕੋਈ ਨਹੀਂ, ਦਯਾ ਸਮਾਨ ਧਰਮ ਨਹੀਂ।

**ਚਾਰੋਂ ਫਲ ਮੇਂ ਏਕ ਭੀ ਉਪਜੈ ਰਿਦੈ ਨ ਜਾਸ।**

ਸੰਤੋਖ ਕਰਨਾ, ਤਪ ਕਰਨਾ, ਬ੍ਰਹਮ ਗਿਆਨ ਕਾ ਦਯਾ ਦਾਨ ਦੇਣਾ, ਇਹਨਾਂ ਚੌਹਾਂ ਵਿਚ ਜੋ ਇਕ ਭੀ ਨਹੀਂ ਕਰਦਾ।

**ਅਜਾ ਗਲੇ ਕੇ ਕੁਚਨ ਜਿਉਂ ਜਨਮ ਬਯਰਥ ਹੈ ਤਾਸ॥ ੧੬॥**

ਜੈਸੇ ਬੱਕਰੀ ਕੇ ਗਲ ਮੇਂ ਥਣ ਹੋਤੇ, ਜੈਸੇ ਉਹ ਕਿਸੀ ਕੰਮ ਨਹੀਂ ਦੁੱਧ ਤੋਂ ਬਿਨਾਂ, ਤੈਸੇ ਇਸ ਜੀਵ ਕਾ ਜਨਮ ਵਿਅਰਥ ਹੈ॥ ੧੬॥

**ਧਰਮ ਪਰਮ ਪਾਰਸ ਅਹੈ ਜੋ ਦਾਇਕ ਫਲ ਚਾਰ।**

ਧਰਮ ਕੈਸਾ ਹੈ, ਵੱਡਾ ਪਾਰਸ ਜੋ ਚਾਰ ਫਲ ਕੋ ਦੇਤਾ ਹੈ, ਸੰਤੋਖ, ਤਪ,

ਬ੍ਰਹਮ ਗਿਆਨ, ਦਯਾ ਹੈ, ਏਹ ਮੁਕਤੀ ਕੋ ਦੇਤੇ ਹੈਂ।

**ਤਾਂਤੇ ਜਿਉਂ ਕਿਉਂ ਧਰਮ ਕੋ ਧਰੇ ਜੁ ਬੁਧਿ ਉਦਾਰ॥ ੧੭॥**

ਤਾਂਤੇ ਜਿਉਂ ਕਿਉਂ ਕਰਕੇ ਬੁੱਧੀਵਾਨ ਧਰਮ ਕੋ ਧਾਰਨ ਕਰੇ॥ ੧੭॥

**ਕਬਿੱਤ॥ਨਾਗ ਸੋਭੈ ਮਦ ਕਰ, ਨੀਰ ਸੋਭੈ ਇਦੀਵਰ ਰੈਣ ਸੋਭੈ ਹਿਮ ਕਰ ਨਾਰ ਸੀਲ ਰਤਿ ਤੇ।**

ਹਾਥੀ ਸੋਭਾ ਪਾਤਾ ਹੈ ਮਸਤ ਹੋਵੇ, ਤਲਾਬ ਸ਼ੋਭਦਾ ਹੈ ਕੰਵਲ ਕਰਕੇ, ਰਾਤ ਸੁੰਦਰ ਹੋਤੀ ਹੈ ਚੰਦਰਮਾਂ ਕਰ ਕੇ, ਇਸਤ੍ਰੀ ਸੋਭਾ ਪਾਤੀ ਹੈ ਸੀਲ ਸੁਭਾਅ ਪ੍ਰੀਤ ਕਰ ਕੇ।

**ਸੋਭਤ ਤੁਰੰਗ ਜਵ ਧਾਮ ਸੋਭੈ ਉਤਸਵ ਸੋਭੈ ਵਯਾਕਰਣ ਰਵਿ ਨਦੀ ਹੰਸ ਗਤਿ ਤੇ।**

ਘੋੜਾ ਸੋਭਾ ਪਾਤਾ ਹੈ ਚਾਲ ਕਰਕੇ। ਘਰ ਸੋਭਾ ਪਾਤਾ ਹੈ ਪੁੱਤਰ ਜਨਮੇ ਜਾਂ ਵਿਆਹ ਦੇ ਵਾਜੇ ਆਦਿਕ ਕਰਕੇ। ਬਾਣੀ ਤਾਂ ਸੋਭਾ ਪਾਤੀ ਹੈ ਵਿਆਕਰਣ ਪੜ੍ਹਨੇ ਕਰਕੇ, ਨਦੀ ਤਾਂ ਸੋਭਤੀ ਹੈ ਹੰਸ ਕਿਨਾਰੇ ਪਰ ਬਿਚਰਦੇ ਹੋਣ ਵਾ ਹੰਸਾਂ ਕੇ ਸਮਾਨ ਨਦੀ ਕੀ ਚਾਲ ਸੁੰਦਰ ਹੋਵੇ।

**ਸਭ ਸੋਭੈ ਵਿਦਿਆਨ ਕੁਲ ਸੋਭੈ ਸ਼ੁਭ ਸੰਤਾਨ ਪਾਨ ਸੋਭੈ ਕਰੈ ਦਾਨ ਖਿਤ ਖਿਤ ਪਤਿ ਤੇ।**

ਸਭਾ ਵਿਖੇ ਵਿਦਵਾਨ ਸ਼ੋਭਾ ਪਾਉਂਦਾ ਹੈ, ਕੁਲ ਤਾਂ ਸ਼ੋਭਾ ਪਾਤੀ ਹੈ ਸਰੇਸ਼ਟ ਸੰਤਾਨ ਹੋਵੇ, ਹੱਥ ਸ਼ੋਭਾ ਪਾਉਂਦਾ ਹੈ ਦਾਨ ਕਰਕੇ, ਧਰਤੀ ਸ਼ੋਭਾ ਪਾਉਂਦੀ ਹੈ, ਸਰੇਸ਼ਟ ਰਾਜੇ ਕਰ ਕੇ।

**ਮੂਢ ਸੋਭੈ ਕਰੈ ਮੌਨ ਰਿਖੀ ਸੋਭੈ ਪਰੈ ਹੌਨ ਸੋਭੈ ਅਤਿ ਸੈ ਤ੍ਰਿਭੌਨ ਧਰਮੀ ਸੁਮਤਿ ਤੇ॥ ੧੮॥**

ਮੂਰਖ ਤਾਂ ਸ਼ੋਭਾ ਪਾਤਾ ਹੈ ਚੁੱਪ ਕਰ ਬੈਠੇ, ਅਗਨੀ ਤਾਂ ਸ਼ੋਭਤੀ ਹੈ ਜੇਕਰ ਹਵਨ ਹੋਵੇ, ਜੋ ਸਰੇਸ਼ਟ ਬੁੱਧੀਵਾਨ ਹੈ ਸਭ ਦੇਸਾਂ ਮੇਂ ਸ਼ੋਭਤਾ ਹੈ॥ ੧੮॥

**ਦੋਹਰਾ॥ ਸੁਖੀ ਦੁਖੀ ਨਰ ਜਗਤ ਮੈ ਧਰਮ ਕਰੈ ਜੋ ਕੋਇ।**
**ਸੁਖੀ ਕਰੈ ਤਬ ਸੁਖ ਬਢੈ ਦੁਖੀ ਕਰੈ ਦੁਖ ਖੋਇ॥ ੧੯॥**

ਸੁਖੀ ਹੋਵੇ ਅਥਵਾ ਦੁਖੀ ਪੁਰਸ਼ ਜੋ ਧਰਮ ਕਰੇਗਾ, ਸੁਖ ਵਾਲੇ ਦਾ ਸੁਖ ਵਧੇਗਾ, ਦੁੱਖ ਵਾਲੇ ਦਾ ਦੁੱਖ ਹਟੇਗਾ॥ ੧੯॥

**ਸੱਤ ਦੋਹੇ ਦੇ ਚੌਪਈ ਉਤਮ ਏਕ ਕਬਿੱਤ॥**

ਇਸ ਪਹਿਲੇ ਧਿਆਇ ਵਿਖੇ ਕਵੀ ਹਰਦਿਆਲ ਜੀ ਕਹਿਤੇ ਹੈਂ ਸੱਤ ਦੋਹੇ ਹਨ, ਦੋ ਚੌਪਈਆਂ ਹਨ, ਇਕ ਕਬਿੱਤ ਹੈ।

**ਦਸੇ ਛੰਦ ਅਨੰਦ ਮਯ ਬਸੇ ਜਿਸੇ ਨਿਸ ਚਿਤ॥ ੨੦॥**

ਦਸ ਛੰਦ ਹਨ, ਜੋ ਇਹਨਾਂ ਕੋ ਵਿਚਾਰੇ ਉਸ ਕੋ ਅਨੰਦ ਦੇਤੇ ਹਨ।

**ਇਤਿ ਸ੍ਰੀ ਸਾਰੁਕਤਾਵਲੀ ਤਾਸ ਪ੍ਰਥਮ ਅਧਿਆਇ॥**
**ਧਰਮ ਨਿਰੂਪਿਓ ਤਾਸ ਮੈ ਕਵਿ ਹਰਦਿਆਲ ਸੁਭਾਇ॥ ੨੧॥**

ਸਰੇਸ਼ਟ ਜੁਗਤੀਓਂ ਕੀ ਪੰਗਤੀ ਕਾ ਪਹਿਲਾ ਧਿਆਇ ਤਿਸ ਵਿਖੇ ਧਰਮ ਦਾ ਕਥਨ ਕੀਤਾ ਹੈ, ਕਵੀ ਹਰਦਿਆਲ ਜੀ ਨੇ॥ ੨੧॥

## ਅਥ ਦੂਸਰਾ ਅਧਿਆਇ

**ਦੋਹਰਾ॥ ਗੁਰ ਕੀ ਕੀਰਤ ਦੂਸਰੇ ਸਾਤ ਸਲੋਕ ਉਚਾਰ॥**
**ਜਾਂ ਕੋਂ ਸੁਨੇ ਅਧੈਨ ਤੇ ਹੋਇ ਤ੍ਰਿਤਾਪ ਪ੍ਰਹਾਰ॥ ੧॥**

ਕਵੀ ਹਰਦਿਆਲ ਜੀ ਕਹਿਤੇ ਹੈਂ ਦੂਸਰੇ ਧਿਆਇ ਵਿਚ ਗੁਰਾਂ ਕਾ ਜੱਸ ਕਰਾਂਗੇ ਸੱਤ ਸਲੋਕਾਂ ਵਿਚ, ਜਿਸ ਕੇ ਸੁਣਨੇ ਕਰਕੇ ਵਾ ਪੜ੍ਹਨੇ ਕਰਕੇ ਤਿੰਨ ਤਾਪ ਅਧਯਾਤਮ ਅਦਭੂਤ, ਅਧਦੇਵ ਨਾਸ ਹੋਤੇ ਹੈਂ॥ ੧॥

**ਦੋਹਰਾ॥ ਦਰਬ ਖਰਚ ਸਤ ਪਾਤ੍ਰ ਮੈਂ ਜਨਮ ਜਾਇ ਗੁਰ ਸੇਵ॥**
**ਹਰਿ ਸਿਮਰਨ ਮਹਿ ਚਿੱਤ ਜਿਹ ਵਹੁ ਪੰਡਿਤ ਸੁਤਿ ਭੇਵ॥ ੨॥**

ਸਰੇਸ਼ਟ ਮਹਾਤਮਾ ਦੇਖ ਕੇ ਜੋ ਦਾਨ ਕਰਤਾ ਹੈ, ਜਿਸ ਦਾ ਗੁਰਾਂ ਦੀ

ਸੇਵਾ ਕਰਦਿਆਂ ਹੀ ਜਨਮ ਬੀਤ ਗਿਆ ਹੈ, ਜੋ ਹਰ ਵਕਤ ਪਰਮੇਸ਼ਰ ਦਾ ਭਜਨ ਕਰਤਾ ਹੈ, ਵੋਹੀ ਪੰਡਤ ਹੈ, ਬੇਦਾਂ ਨੂੰ ਜਾਨਣ ਵਾਲਾ ਹੈ।। ੨।।

**ਚੌਪਈ।। ਪੂਛੇ ਗੁਰ ਤੇ ਸੁਭਸਿਖ ਤੱਦਪਿ। ਗਿਆਨਵੰਤਿ ਹੋਵੈ ਨਿਜ ਯੱਦਪਿ। ਗੁਰੁ ਨਿਸਚਯ ਯੁਤ ਬਚਨ ਧਰੇ ਜਬ। ਦੇਹ ਸਿੱਖ ਕੋ ਪਰਮ ਸ਼ਾਂਤਿ ਤਬ।। ੨।।**

ਭਾਵੇਂ ਆਪ ਪੁਰਸ਼ ਗਿਆਨਵਾਨ ਭੀ ਹੋਵੇ ਤਾਂ ਭੀ ਸਰੇਸ਼ਟ ਪੁਰਸ਼ ਗੁਰਾਂ ਪਾਸੋਂ ਪੁੱਛੇ, ਗੁਰਾਂ ਦੇ ਬਚਨ ਨਿਸ਼ਚੇ ਕਰਕੇ ਧਾਰਨ ਕਰੇ, ਤਬ ਗੁਰੂ ਜੀ ਸਿੱਖ ਕੋ ਵਿਸ਼ੇਸ਼ ਕਰਕੇ ਸ਼ਾਂਤੀ ਦੇਂਦੇ ਹਨ।

*ਤੋਟਕ ਛੰਦ।।*

**ਗੁਰ ਕੀਰਤਿ ਕੋ ਅਪਰੋਖ ਕਰੇ। ਜਸਿ ਬਾਂਧਵ ਮੀਤਨ ਪੋਖ ਕਰੇ। ਭ੍ਰਿਤਿ ਦਾਸ ਜਸੈ ਕਰਮਾਂ ਤਗ ਹੈ। ਅਬਲਾ ਸੁਤ ਊਪ ਕਥੀ ਨ ਕਹੈ।। ੩।।**

ਆਪਣੇ ਇਸ਼ਟ ਗੁਰਾਂ ਕੀ ਉਸਤਤੀ ਕੋ ਸਾਹਮਣੇ ਗੁਰਾਂ ਕੇ ਕਰੇ, ਸਰਬੰਧੀ ਮਿੱਤਰਾਂ ਦੀ ਉਸਤਤੀ ਪਿੱਛੋਂ ਕਰੇ, ਨੌਕਰ ਟਹਿਲੂਏ ਦੀ ਉਸਤਤੀ ਜਬ ਕੰਮ ਕਰ ਚੁੱਕੇ ਤਾਂ ਕਰੇ, ਇਸਤ੍ਰੀ ਔਰ ਪੁੱਤਰ ਕੀ ਉਸਤਤੀ ਨਾ ਕਰੇ।

**ਦੋਹਰਾ।। ਤਜ ਗੁਰ ਮੰਤ੍ਰ ਦਰਿਦ੍ਰ ਹ੍ਵੈ ਗੁਰਹਿ ਅਵਗਯਾ ਘਾਤ। ਤਿਆਗ ਦੇਤ ਗੁਰੁ ਮੰਤ੍ਰ ਜੋ ਸਿਧ ਭੀ ਨਰਕੇ ਜਾਤ।। ੪।।**

ਜੋ ਗੁਰਾਂ ਨੇ ਮੰਤਰ ਦੀਆ ਹੈ ਉਸ ਕੋ ਜੋ ਪੁਰਖ ਤਿਆਗਤਾ ਹੈ ਉਹ ਦਰਿਦਰੀ ਹੋਤਾ ਹੈ। ਜੋ ਗੁਰਾਂ ਕੇ ਮੰਤਰ ਕੋ ਤਿਆਗਤਾ ਹੈ, ਚਾਹੇ ਸਿੱਧ ਹੋਵੇ ਉਹ ਭੀ ਨਰਕ ਮੇਂ ਜਾਤਾ ਹੈ।। ੪।।

*ਤੋਟਕ ਛੰਦ।।*

**ਗੁਰ ਕੇ ਧਨ ਕੋ ਜਨ ਜੋ ਹਰ ਹੈ। ਹਰ ਤੇਜ ਵਿਭੂਤ ਦੁਖੀ ਮਰ ਹੈ।**

ਗੁਰੂ ਕੀ ਪੂਜਾ ਕਾ ਧਨ ਜੋ ਪੁਰਸ਼ ਚੁਰਾਏ, ਉਸ ਕਾ ਤੇਜ, ਉਸ ਕਾ ਧਨ

ਨਾਸ ਹੋਤਾ ਹੈ। ਦੁਖੀ ਹੋ ਕੇ ਮਰਤਾ ਹੈ।

**ਧਰਮਾਦਿ ਟਰੇ ਨਰਕੇ ਸੁ ਪਰੇ। ਉਪਜੇ ਪੁਨ ਤੇ ਸ੍ਵਪਚਾਦਿ ਘਰੈ॥ ੫॥**

ਜੋ ਪੁਰਸ਼ ਧਰਮ ਨਹੀਂ ਕਰਦਾ, ਉਹ ਪੁਰਸ਼ ਨਰਕ ਵਿਚ ਪੜਤਾ ਹੈ। ਫੇਰ ਉਹ ਪੁਰਸ਼ ਮਰ ਕੇ ਚੰਡਾਲ ਦੇ ਘਰ ਪੈਦਾ ਹੁੰਦਾ ਹੈ॥ ੫॥

**ਦੋਹਰਾ॥ ਮੁਗਧ ਨਿਪੁੰਸਕ ਵਿਕਲ ਮਨ ਬਿਨ ਬਿਬੇਕ ਦੁਰਭਾਗ।**
**ਨੀਚ ਕਰਮ ਨੀਚਹਿ ਕਰੇ ਗੁਰੁ ਨਿੰਦਾ ਮਹਿ ਰਾਗ॥ ੬॥**

ਮੂਰਖ ਹੋਵੇ, ਖੁਸਰਾ ਹੋਵੇ, ਮਨ ਜਿਸ ਦਾ ਦੁਖੀ ਗਿਆਨ ਤੋਂ ਬਿਨਾਂ ਹੋਵੇ। ਖੋਟੇ ਭਾਗਾਂ ਵਾਲਾ ਨੀਚ ਪੁਰਖ ਅੱਗੇ ਪਿੱਛੇ ਭੀ ਨੀਚ ਕਰਮ ਕਰਦਾ ਹੈ ਅਰ ਗੁਰ ਕੀ ਨਿੰਦਾ ਕਰਦਾ ਹੈ॥ ੬॥

**ਚੌਪਈ॥**

**ਗਿਆਨ ਸੁਲਾਕਾ ਦੇ ਬੁਧਿ ਲੋਚਨ। ਕਰਿਹੈ ਤਮ ਅਗਯਾਨ ਵਿਮੋਚਨ।**
**ਨਿਵਾਰਨ ਦ੍ਰਿਗ ਕਰੈ ਜੋ ਸ੍ਰੀ ਗੁਰ। ਨਮੋ ਨਮੋ ਤਿਹ ਚਰਣ ਧਾਰ ਉਰ॥ ੭॥**

ਐਸੇ ਅਗਿਆਨੀ ਅੰਨ੍ਹੇ ਪੁਰਸ਼ ਕੋ ਬੁੱਧੀ ਰੂਪੀ ਅੰਧੇਰੇ ਤੋਂ ਰਹਿਤ ਕਰਤੇ ਹੈਂ। ਕਵੀ ਜੀ ਕਹਿੰਦੇ ਹਨ ਤਿੰਨਾਂ ਨੂੰ ਮੈਂ ਵਾਰ ਵਾਰ ਨਮਸ਼ਕਾਰ ਕਰਤਾ ਹੂੰ।

**ਦੋਹਰਾ॥ ਤ੍ਰੈ ਦੋਹੇ ਤੋਟਕ ਉਭੇ ਦੋ ਚੌਪਈ ਨਿਹਾਰ।**
**ਮੁਨਿ ਸਲੋਕ ਮਨ ਸ਼ੋਕ ਕੋ ਕਾਟੈ ਕਰੈ ਨ ਬਾਰ॥ ੮॥**

ਤਿੰਨ ਦੋਹਰੇ ਹਨ, ਤੋਟਕ ਦੋ ਹਨ। ਚੌਪਈਆਂ ਦੋ ਹਨ, ਸੱਤ ਸਲੋਕ ਹਨ। ਮਨ ਦੇ ਸ਼ੌਕ ਨੂੰ ਦੂਰ ਕਰਤੇ ਹੈਂ, ਦੇਰੀ ਨਹੀਂ ਕਰਤੇ॥ ੮॥

**ਇਤਿ ਸ੍ਰੀ ਸਾਰੁਕਤਾਵਲੀ ਤਾਸ ਦੂਤੀ ਅਧਯਾਇ।**
**ਗੁਰ ਉਪਮਾਂ ਤਾਂ ਮੈ ਕਹੀ ਹਰਿਦਯਾਲ ਸੁਭਾਇ॥ ੯॥**

ਇਸ ਸਾਰੁਕਤਾਵਲੀ ਦੇ ਦੂਸਰੇ ਧਿਆਇ ਵਿਚ ਕਵੀ ਹਰਿਦਯਾਲ ਜੀ ਨੇ ਗੁਰ ਉਪਮਾਂ ਕਹੀ ਹੈ।

# ਅਥ ਤ੍ਰਿਤੀਯ ਅਧਿਆਇ

**ਦੋਹਰਾ॥ ਵਿਦਯਾ ਵਰਨੇ ਤੀਸਰੇ ਛੰਦ ਅਠਾਈ ਮਾਨ।**
**ਵਿਦਯਾ ਪਾਤ੍ਰ ਅਪਾਤ੍ਰ ਪੁਨ ਬ੍ਰਿਧਾ ਬ੍ਰਿਧ ਨਿਧਾਨ।**

ਕਵੀ ਜੀ ਕਹਿਤੇ ਹੈਂ ਤੀਸਰੇ ਧਯਾਇ ਵਿਖੇ ਵਿਦਯਾ ਕਾ ਵਰਨਣ ਕਰਾਂਗੇ ਅਠਾਈ ਛੰਦ ਵਿਚ। ਇਹ ਵਿਦਯਾ ਪੜ੍ਹਨ ਦਾ ਅਧਿਕਾਰੀ ਹੈ। ਇਹ ਨਹੀਂ ਅਧਿਕਾਰੀ, ਇਸ ਕਰਮ ਕਰਨ ਤੇ ਨਹੀਂ ਵਧਦੀ, ਇਹ ਸਭ ਕਹਾਂਗੇ।

*ਸਵੈਯਾ॥*

**ਇਹ ਵੇਦ ਕੋ ਗਿਆਨ ਸੁ ਜਾਨਨ ਕੇ ਅਭਿਮਾਨ ਮਦਾਦਿ ਵਿਕਾਰ ਵਿਨਾਸੇ।**
**ਪੁਨ ਕੇਚਿਤ ਨੀਚਨ ਕੋ ਵਹੁ ਬੋਧ ਮਦੈ ਅਭਿਮਾਨ ਵਿਕਾਰ ਨਿਵਾਸੇ।**
**ਅਰ ਅੰਮ੍ਰਿਤ ਜਾਸ ਹਲਾਹਲ ਹ੍ਵੈ ਨਹਿ ਔਖਧ ਵੈਦ ਨਹੀਂ ਕਛੁ ਤਾਸੇ।**
**ਜਨ ਪਾਤ੍ਰ ਕੁਪਾਂਤ ਕੋ ਸੋਧ ਕੈ ਬੋਧ ਕਰੇ ਬੁਧਿਵਾਨ ਜੋ ਬੁਧਿ ਪ੍ਰਕਾਸੇ॥ ੧॥**

ਕਵੀ ਹਰਦਿਆਲ ਜੀ ਕਹਿਤੇ ਹੈਂ ਇਸ ਵੇਦ ਦਾ ਜੋ ਬੋਧ ਹੈ ਸਰੇਸ਼ਟ ਬੁੱਧੀ ਵਾਲੇ ਕੋ ਪੜ੍ਹਨੇ ਕਰਕੇ ਮਦ ਤੋਂ ਸਭ ਦੂਰ ਹੋ ਜਾਤੇ ਹੈਂ। ਕਈਆਂ ਲੋਕਾਂ ਮੇਂ ਏਸ ਕਾ ਬੋਧ ਹੋਨੇ ਸੇ ਹੰਕਾਰ ਤੇ ਅਭਿਮਾਨ ਆ ਕੇ ਨਿਵਾਸ ਕਰਤੇ ਹੈਂ, ਜੈਸੇ ਪੀਵੇ ਅੰਮ੍ਰਿਤ ਹੋ ਲਗੇ ਵਿਖ, ਨਾ ਉਸ ਦਾ ਕੋਈ ਵੈਦ ਹੈ ਨਾ ਦਵਾ ਹੈ ਉਸਕੀ, ਗਿਆਨ ਰੂਪੀ ਦੁੱਧ ਹੰਕਾਰ ਰੂਪੀ ਲੱਸੀ ਮਿਲੀ, ਜੈਸੇ ਉਹ ਦੁੱਧ ਦਾ ਰਸ ਕਾਂਜੀ ਵਿਗਾੜ ਦੇਂਦੀ ਹੈ ਤੈਸੇ ਹੀ ਅਧਿਕਾਰੀ ਦੇਖ ਕੇ ਬੁਧੀਵਾਨ ਪੁਰਸ਼ ਕੋ ਚਾਹੀਏ ਏਸ ਵੇਦ ਕਾ ਬੋਧ ਕਰੇ ਜਿਸ ਕੋ ਸੁਣ ਪ੍ਰਕਾਸ਼ ਕਰੇ॥ ੧॥

**ਸੋਰਠਾ॥ ਮੈਥੁਨ ਸੈਨ ਅਹਾਰ ਪਾਠ ਸਮੈ ਤੀਨੋ ਤਜੈ॥**
**ਪਾਠ ਸਹਿਤ ਪੁਨ ਚਾਰ ਤਜੈ ਸਾਂਝ ਮੈਂ ਧੀਰ ਜਨ॥ ੨॥**

ਇਸਤਰੀ ਸੰਜੋਗ ਔਰ ਸੌਣਾ ਖਾਣਾ ਸੰਥਾ ਪੜ੍ਹਨ ਸਮੇਂ ਤਿੰਨੇ ਹੀ ਤਿਆਗ ਦੇਵੇ, ਬਹੁਤ ਖਾਣਾ, ਸੰਥਾ ਇਸਤ੍ਰੀ ਸਬੰਧ, ਚਾਰੇ ਹੀ ਸੰਧਿਆ ਮੇਂ

ਨਾ ਕਰੇ॥ ੨॥

**ਦੋਹਰਾ॥ ਸੁਖੀ ਬਿਆਧੀ ਆਲਸੀ ਕੁਮਤਿ ਰਸਕ ਬਹੁ ਸੋਇ॥**
**ਤਿਹ ਅਧਿਕਾਰ ਨ ਸ਼ਾਸਤ੍ਰ ਕੇ ਖਟ ਦੋਖੀ ਜਨ ਜੋਇ॥ ੩॥**

ਕਵੀ ਜੀ ਕਹਿਤੇ ਹੈਂ ਜਿਸ ਮੇਂ ਛੇ ਦੋਸ਼ ਹੈ ਉਸ ਕੋ ਸ਼ਾਸਤ੍ਰ ਪੜ੍ਹਨੇ ਕਾ ਅਧਿਕਾਰ ਨਹੀਂ। ਜੋ ਸੁਖੀ ਹੋਵੇ, ਦੁਖੀ ਹੋਵੇ, ਆਲਸੀ ਹੋਵੇ, ਮੋਟੀ ਬੁੱਧ ਵਾਲਾ ਹੋਵੇ, ਜਿਹਵਾ ਕਾ ਰਸ ਵਾਲਾ ਹੋਵੇ, ਬਹੁਤ ਸੌਣ ਵਾਲਾ ਹੋਵੇ, ਉਸ ਨੂੰ ਸ਼ਾਸਤਰ ਪੜ੍ਹਨ ਦਾ ਅਧਿਕਾਰ ਨਹੀਂ ਹੈ॥ ੩॥

*ਸ਼ੰਕਰ ਛੰਦ॥*

**ਕਛੁ ਘ੍ਰਿਤ ਸਨੇਹ ਨ ਲਵਣ ਤੰਦੁਲ ਤੱਕ੍ਰ ਧਾਮ ਨ ਦਾਸ।**
**ਯਾ ਸੰਚਰੀ ਜਿਹ ਚਿੱਤ ਚਿੰਤਾ ਧਾਮ ਕੀ ਦੁਖ ਧਾਮ।**
**ਭਈ ਨਾਸ ਪ੍ਰਾਕਾਗਾਮ ਕੀ ਬੁੱਧਿ ਮੂੜ੍ਹ ਮੋਹਿਓ ਬਾਮ।**
**ਅਧਿਕਾਰ ਨਹਿ ਤਿਹ ਸ਼ਾਸਤ੍ਰ ਕੋ ਸੋ ਤਜੇ ਨਿਤ ਸ੍ਰੀ ਰਾਮ॥ ੪॥**

ਜਿਸ ਪੁਰਖ ਕੋ ਘਰ ਕੀ ਚਿੰਤਾ ਹੈ, ਘਿਓ ਨਹੀਂ, ਤੇਲ ਨਹੀਂ, ਲੂਣ ਨਹੀਂ, ਚਾਵਲ ਨਹੀਂ, ਲੱਸੀ, ਦੁੱਧ ਨਹੀਂ, ਧਨ ਨਹੀਂ, ਇਸ ਪ੍ਰਕਾਰ ਕੀ ਚਿੰਤਾ ਜਿਸ ਕੇ ਚਿੱਤ ਮੇਂ ਪਰਵੇਸ਼ ਕਰ ਗਈ ਹੈ ਉਹ ਪੁਰਖ ਦੁੱਖ ਦਾ ਘਰ ਹੈ, ਉਸ ਪੁਰਸ਼ ਕੀ ਨਾਸ ਹੋ ਗਈ ਹੈ ਬੁੱਧੀ, ਪਿਛਲੀ ਔਰ ਅਗਲੀ, ਉਹ ਮੂਰਖ ਇਸਤਰੀ ਨਾਲ ਮੋਹਿਆ ਹੈ। ਕਵੀ ਜੀ ਕਹਿਤੇ ਹੈਂ ਉਸ ਨੂੰ ਸ਼ਾਸਤਰ ਪੜ੍ਹਨ ਦਾ ਅਧਿਕਾਰ ਨਹੀਂ ਹੈ, ਉਹ ਪੁਰਖ ਰਾਮ ਨਾਮ ਦਾ ਭਜਨ ਕਰੇ॥ ੪॥

*ਸੋਰਠਾ॥*

**ਜਿਹ ਨਿਜ ਮਤਿ ਕਛੁ ਨਾਹਿ ਸ਼ਾਸਤ੍ਰ ਤਹਿ ਕੋ ਕਿਆ ਕਰੇ॥**
**ਲੋਚਨ ਬਿਨ ਜੋ ਆਹਿ ਪ੍ਰਤ੍ਰਿਬਿੰਬੀ ਕਿਆ ਕਰੇ ਤਿਹ॥ ੫॥**

ਜਿਸ ਪੁਰਖ ਕੀ ਆਪਣੀ ਬੁੱਧੀ ਕੁਛ ਨਹੀਂ ਉਸ ਨੂੰ ਸ਼ਾਸਤਰ ਨਾਲ ਕੀ ਹੋਵੇਗਾ?

ਦ੍ਰਿਸ਼ਟਾਂਤ— ਜੋ ਪੁਰਖ ਅੰਨ੍ਹਾ ਹੋਵੇ ਉਹ ਸ਼ੀਸ਼ਾ ਦੇਖ ਕੇ ਕੀ ਕਰੇਗਾ?

**ਦੋਹਰਾ॥ ਬੀਚ ਅਸ਼ਟਮੀ ਮੀਚ ਗੁਰ, ਅਸ਼ਟ ਖਸਟ ਮੈ ਸਿੱਖ।**
**ਪੰਚਦਸੀ ਗੁਰ ਸਿੱਖ ਮਰੈ, ਏਕਮ ਪਾਠ ਅਸਿੱਖ॥ ੬॥**

ਸ਼ਾਸਤਰ ਕੀ ਆਗਿਆ ਹੈ ਇਤਨੇ ਦਿਨ ਸੰਥਾ ਨਾ ਪੜ੍ਹੇ ਜੇ ਅਸ਼ਟਮੀ ਤਿਥ ਕੋ ਪੜ੍ਹੇ ਤਾਂ ਗੁਰੂ ਕੀ ਮ੍ਰਿਤੂ ਹੋਤੀ ਹੈ, ਚੌਧਵੀਂ ਕੋ ਪੜ੍ਹੇ ਤਾਂ ਸ਼ਿਸ਼ ਮਰਤਾ ਹੈ। ਅਮਾਵਸਿਆ ਪੂੰਨਿਆਂ ਨੂੰ ਪੜ੍ਹੇ ਤਾਂ ਗੁਰੂ ਸਿੱਖ ਦੋਨੋਂ ਮਰਤੇ ਹੈ, ਏਕਮ ਨੂੰ ਪੜ੍ਹੇ ਤਾਂ ਭੁੱਲ ਜਾਂਦੀ ਹੈ॥ ੬॥

**ਗੁਰ ਪੁਸਤਕ ਭੂਮੀ ਸੁਭਗ ਪ੍ਰੀਤਮ ਅਮਰ ਸਹਾਇ॥**
**ਕਰਹਿ ਬ੍ਰਿਧ ਵਿਦਿਆ ਪਠੀ ਬਹਿਰ ਪਾਂਚ ਗੁਣ ਗਾਇ॥ ੭॥**

ਵਿੱਦਿਆ ਕਿਸ ਤਰ੍ਹਾਂ ਵੱਧਦੀ ਹੈ, ਗੁਰੂ ਘਰਾਣੇ ਵਾਲਾ ਉੱਤਮ ਹੋਵੇ, ਪੁਸਤਕ ਆਪਣਾ ਹੋਵੇ, ਪ੍ਰਿਥਮੀ ਸਰੇਸ਼ਟ ਹੋਵੇ, ਮਿੱਤਰ ਹੋਣ ਸਹਾਇਤਾ ਦੇਣ ਵਾਲੇ। ਇਸ ਪ੍ਰਕਾਰ ਦੀ ਵਿੱਦਿਆ ਪੜ੍ਹੀ ਹੋਈ ਵੱਧਦੀ ਹੈ। ਇਹ ਬਾਹਰ ਦੇ ਗੁਣ ਹਨ॥ ੭॥

**ਸਾਸਤ੍ਰ ਪ੍ਰੀਤਿ ਸੁਧ ਬੁਧਿ ਭਗਤ ਉਦਮ ਰੋਗ ਨ ਦੇਹ।**
**ਕਰਹਿ ਬ੍ਰਿਧ ਵਿਦਿਆ ਪਠੀ, ਪਾਚਾਂਤਰ ਗੁਣ ਏਹ॥ ੮॥**

ਸ਼ਾਸਤਰ ਵਿਖੇ ਪਰੀਤ ਹੋਵੇ, ਸਰੇਸ਼ਟ ਬੁੱਧੀ ਹੋਵੇ, ਹਿਰਦੇ ਵਿਚ ਭਗਤੀ ਭਾਵ ਹੋਵੇ, ਉੱਦਮੀ ਹੋਵੇ, ਕੋਈ ਦੇਹ ਮੇਂ ਰੋਗ ਨਾ ਹੋਵੇ, ਇਸ ਤਰ੍ਹਾਂ ਦੀ ਵਿੱਦਿਆ ਪੜ੍ਹੀ ਹੋਈ ਵੱਧਦੀ ਹੈ॥ ੮॥

**ਗੁਰ ਸੇਵਾ ਵਾ ਦਰਬ ਕਰ ਵਿਦਯਾ ਵਿਦਯਾ ਹੋਇ।**
**ਤ੍ਰਿਤੀ ਬਿਧ ਵਿਦਿਆ ਕਹਹਿ ਚਉਥੇ ਹੇਤੁ ਨ ਕੋਇ॥ ੯॥**

ਵਿੱਦਿਆ ਪੜ੍ਹੀ ਜਾਤੀ ਹੈ ਗੁਰਾਂ ਦੀ ਸੇਵਾ ਕਰਕੇ ਯਾ ਧਨ ਦੇ ਕੇ, ਯਾ ਦੂਸਰੇ ਕੋ ਪੜ੍ਹਾਈ, ਉਸ ਪਾਸੋਂ ਕੋਈ ਵਿੱਦਿਆ ਸਿਖ ਲਈ, ਇਹ ਤਿੰਨੇ ਤਰ੍ਹਾਂ ਵਿੱਦਿਆ ਵੱਧਦੀ ਹੈ॥ ੯॥

## ਅਥ ਵਿਦਯਾ ਮਹਿਮਾ

**ਦੋਹਰਾ।। ਵਿਦਯਾ ਉਦਮ ਸਿਲਪਤਾ ਪੰਡਿਤ ਸੰਗ੍ਰਹਿ ਮੀਤ।**
**ਅਖੇ ਨ ਭੈ ਤਸਕਰ ਇਨੈ ਪਾਂਚ ਨਿਧਾਂ ਸੁਖ ਨੀਤ।। ੧੦।।**

ਵਿੱਦਯਾ ਪੜ੍ਹੀ ਹੋਈ ਉਦਮ ਕਰਨਾ, ਚਿਤਰਕਾਰੀ ਕਰਨੀ, ਪੰਡਤ ਹੋਣਾ, ਬਹੁਤੇ ਮਿੱਤਰ ਹੋਣੇ। ਨਾ ਇਹਨਾਂ ਕਾ ਨਾਸ ਹੋਤਾ ਹੈ, ਨਾ ਇਨ ਕੋ ਚੋਰ ਕਾ ਭੈ ਹੈ। ਇਹ ਪਾਂਚ ਨਿਧਾਂ ਸੁਖ ਕੋ ਦੇਣੇ ਵਾਲੀਆਂ ਹਨ।। ੧੦।।

**ਗੁਪਤ ਪ੍ਰਛਿੰਨ ਅਤੁੱਲੁ ਧਨ ਵਿਦ੍ਯਾ ਨਰ ਬਪੁ ਜਾਨ।**

ਵਿੱਦਿਆ ਜੋ ਹੈ ਲੁਕਿਆ ਹੋਇਆ ਧਨ ਹੈ। ਜਿਹੜਾ ਇਸ ਨੂੰ ਪੜ੍ਹਦਾ ਹੈ, ਇਹ ਉਸ ਦੇ ਕੋਲ ਰਹਿਤੀ ਹੈ।

**ਵਿਦ੍ਯਾ ਜਸ ਸੁਖ ਭੋਗ ਦੈ ਵਿਦ੍ਯਾ ਗੁਰੁ ਗੁਰੁ ਮਾਨ।। ੧੧।।**

ਵਿੱਦਿਆ ਜੱਸ ਦੇਂਦੀ ਹੈ, ਸੁਖ ਦੇਂਦੀ ਹੈ, ਧਨ ਦੇਂਦੀ ਹੈ। ਗੁਰੂ ਕੀ ਗੁਰੂ ਹੈ ਅਥਵਾ ਵੱਡਿਆਂ ਤੋਂ ਵੱਡੀ ਹੈ।। ੧੧।।

**ਵਿਦ੍ਯਾ ਬੰਧੁ ਪ੍ਰਦੇਸ ਮੈ ਵਿਦ੍ਯਾ ਦੇਵ ਵਿਸੇਖ।**

ਵਿੱਦਿਆ ਕੈਸੀ ਹੈ? ਪਰਦੇਸ ਵਿਚ ਸਰਬੰਧੀ ਹੈ, ਵੱਡਾ ਦੇਵਤਾ ਹੈ, ਭਾਵ ਸਰੇਸ਼ਟ ਹੈ।

**ਪੂਜ ਨ੍ਰਿਪੋਂ ਕਰਿ ਅਘ ਹਤੀ ਬਿਨ ਵਿਦ੍ਯਾ ਪਸੂ ਦੇਖ।। ੧੨।।**

ਵਿੱਦਿਆਵਾਨ ਨੂੰ ਰਾਜੇ ਪੂਜਦੇ ਹਨ। ਪਾਪਾਂ ਦਾ ਨਾਸ ਕਰਦੀ ਹੈ, ਵਿੱਦਿਆ ਤੋਂ ਬਿਨਾਂ ਜੀਵ ਪਸ਼ੂ ਹੈ।

**ਨਿੰਦ੍ਰਾ ਭੋਜਨ ਭੋਗ ਭੈ ਏਹ ਪਸੂ ਪੁਰਖ ਸਮਾਨ।**

ਸੌਣਾ, ਖਾਣਾ, ਇਸਤਰੀ ਦੇ ਸੰਗ ਭੋਗ ਭੀ ਕਰਨਾ ਪਸ਼ੂ ਅਤੇ ਮਨੁੱਖ ਵਿਚ ਸਮਾਨ ਹੋਤਾ ਹੈ।

**ਨਰਨ ਗਜ਼ਾਨ ਨਿਜ ਅਧਿਕਤਾ ਗਜ਼ਾਨ ਬਿਨਾ ਪਸੂ ਜਾਨ।। ੧੩।।**

ਮਨੁੱਖ ਵਿਚ ਕੀ ਵਾਧਾ ਹੈ? ਉਸ ਨੂੰ ਆਪਣੇ ਆਪ ਦਾ ਗਿਆਨ ਹੁੰਦਾ ਹੈ, ਇਹ ਕੰਮ ਕਰਨਾ ਹੈ, ਇਹ ਨਹੀਂ ਕਰਨਾ। ਪਰ ਬਿਨਾਂ ਗਿਆਨ ਤੋਂ ਜੀਵ ਪਸ਼ੂ ਦੇ ਸਮਾਨ ਹੁੰਦਾ ਹੈ।। ੧੩।।

**ਧਰਮ ਸੀਲ ਤਪ ਦਾਨ ਗੁਣ ਵਿਦਯਾ ਬਿਨ ਜੋ ਜੰਤ।**

ਧਰਮ ਸੀਲ ਕਰਨ ਵਾਲਾ ਸੁਭਾਅ ਦਾਨ, ਤਪ, ਗੁਣ, ਵਿੱਦਿਆ ਵਾਲਾ ਗੁਣੀ ਹੋਵੇ, ਇਹਨਾਂ ਤੋਂ ਬਿਨਾਂ ਜੋ ਪੁਰਸ਼ ਹੈ।

**ਮਿਰਤੁ ਲੋਕ ਖਿਤ ਭਾਰ ਤੇ ਨਰ ਬਪੁ ਮ੍ਰਿਗ ਬਿਚਰੰਤ।। ੧੪।।**

ਉਹ ਸੰਸਾਰ ਦੀ ਪ੍ਰਿਥਵੀ ਉਤੇ ਬਹੁਤ ਭਾਰ ਸਮਾਨ ਹੈ, ਉਹ ਮਨੁੱਖ ਮਾਨੋ ਹਰਨ ਸਮਾਨ ਵਿਚਰਦਾ ਹੈ।। ੧੪।।

**ਸ੍ਰਰ ਸਿਰ ਤਵਕ ਮੁਨਿ ਪਲਦ ਜਨ ਸਿੰਙ ਯੋਗੀ ਦ੍ਰਿਗ ਨਾਰਿ।**

ਵਿਦਿਆ ਤੋਂ ਰਹਿਤ ਪੁਰਸ਼ ਪਸ਼ੂ ਨਾਲੋਂ ਭੀ ਭੈੜਾ ਹੈ। ਅਰਥਾਤ— ਜਿਸ ਕਰਕੇ ਹਰਨ ਜੋ ਘੰਡੇ ਹੇੜੇ ਦਾ ਸ਼ਬਦ ਸੁਣ ਕੇ ਆਪਣਾ ਸਿਰ ਦੇ ਦੇਂਦਾ ਹੈ, ਇਸਕਾ ਜੋ ਮਿਰਗਾਨ ਹੈ ਓਹ ਮੁਨੀ ਲੇਤੇ ਹੈਂ ਪਵਿੱਤਰ ਜਾਣ ਕੇ, ਮਾਸ ਲੋਕ ਖਾਂਦੇ ਹਨ, ਸਿੰਗ ਕੋ ਯੋਗੀ ਬਜਾਤੇ ਹੈਂ। ਨੇਤਰ ਇਸਤ੍ਰੀ ਦੇ ਹਰਨ ਵਾਂਗ ਹੁੰਦੇ ਹਨ।

**ਪੰਚ ਗੁਣ ਮ੍ਰਿਗ ਖਟ ਦੋਖ ਨਰ, ਨਰ ਤੇ ਹਰਨ ਉਦਾਰ।। ੧੫।।**

ਇਹ ਪੰਜ ਗੁਣ ਹਰਨ ਵਿਚ ਹਨ ਅਤੇ ਮਨੁੱਖ ਵਿਚ ਪੰਜ ਦੋਸ਼ ਹੁੰਦੇ ਹਨ, ਕਾਮ, ਕਰੋਧ, ਲੋਭ, ਮੋਹ, ਹੰਕਾਰ ਹੁੰਦਾ ਹੈ, ਮੁੱਕਦੀ ਗੱਲ ਇਹ ਹੈ ਕਿ ਮਨੁੱਖ ਨਾਲੋਂ ਹਰਨ ਚੰਗੇ ਹਨ।। ੧੫।।

**ਪੁਰਖ ਅਸ਼ਾਸਤ੍ਰੀ ਕਯਾ ਲਖੈ ਗੁਣ ਦੋਖਨ ਕੀ ਸੰਧਿ।**

ਜੋ ਵਿੱਦਿਆ ਤੋਂ ਬਿਨਾਂ ਮਨੁੱਖ ਹੈ ਉਸ ਨੂੰ ਕੀ ਪਤਾ ਹੈ ਇਸ ਕਰਮ ਮੇਂ ਪੁੰਨ ਹੈ ਯਾ ਪਾਪ ਹੈ। ਦ੍ਰਿਸ਼ਟਾਂਤ— ਜੈਸੇ ਅੰਨ੍ਹੇ ਪੁਰਸ਼ ਨੂੰ ਕਾਲੇ ਚਿੱਟੇ ਰੰਗ ਦਾ ਪਤਾ ਨਹੀਂ।

**ਰੂਪ ਭੇਦ ਅਧਿਕਾਰ ਜੋ ਕਜਾ ਪ੍ਰਾਪਤ ਹੈ ਅੰਧ॥ ੧੬॥**

ਰੂਪ ਦਾ (ਭੇਦ), ਪਛਾਨਣਾ ਅੱਖੀਆਂ ਵਾਲੇ ਨੂੰ ਹੈ, ਨਾ ਕਿ ਅੰਨ੍ਹੇ ਨੂੰ॥ ੧੬॥

**ਮੂਰਖ ਪੂਜ ਨਿਜ ਧਾਮ ਮੈ ਪ੍ਰਭੂ ਪੂਜ ਨਿਜ ਨੱਗ੍ਰ।**
**ਭੂਪ ਪੂਜ ਸ੍ਵਦੇਸ ਮੈ ਪੂਜਤ ਗੁਣੀ ਸਮੱਗ੍ਰ॥ ੧੭॥**

ਜੋ ਮੂਰਖ ਹੈ ਉਸਕੀ ਬਾਤ ਘਰ ਮੇਂ ਮੰਨੀ ਜਾਤੀ ਹੈ। ਚੌਧਰੀ ਕੀ ਬਾਤ ਆਪਣੇ ਨਗਰ ਵਿਚ, ਰਾਜਾ ਕੀ ਬਾਤ ਆਪਣੇ ਰਾਜ ਮੇਂ ਮੰਨੀ ਜਾਤੀ ਹੈ। ਵਿੱਦਿਆਵਾਨ ਕੀ ਪੂਜਾ ਰਾਜਿਆਂ ਤੋਂ ਲੈ ਕੇ ਸਭ ਕਰਤੇ ਹੈਂ॥ ੧੭॥

**ਏਕਾਖਰ ਦਾਤਾ ਜੁ ਗੁਰੁ ਜੋ ਸੇਵਤ ਨਹਿੰ ਤਾਸ।**

ਇਕ ਅੱਖਰ ਕੇ ਪੜ੍ਹਾਵਣ ਵਾਲਾ ਜੋ ਗੁਰੂ ਹੈ, ਅਥਵਾ ਇਕ ਜੋ ਨਾਸ ਥੀਂ ਰਹਿਤ ਪਰਮਾਤਮਾ ਹੈ, ਜੋ ਤਿਸ ਕੀ ਸੇਵਾ ਨਹੀਂ ਕਰਤਾ।

**ਪਾਇ ਜਨਮ ਸੌ ਸ੍ਵਾਨ ਕੋ ਬਹੁਰ ਸ੍ਵਪਚ ਘਰ ਵਾਸ॥ ੧੮॥**

ਉਹ ਮਨੁੱਖ ਸੌ ਕੁੱਤੇ ਕਾ ਜਨਮ ਪਾਤਾ ਹੈ, ਤਿਸ ਗੁਰੂ ਨੂੰ ਜੋ ਨਾ ਮੰਨੇ, ਉਹ ਫੇਰ ਚੰਡਾਲਾਂ ਦੇ ਘਰ ਜੰਮਦਾ ਹੈ॥ ੧੮॥

**ਰੂਪ ਦਰਬ ਜੋਬਨ ਸਹਿਤ ਸੁਕੁਲ ਜਨਮ ਬਹੁ ਬੰਧ॥**

ਬੜਾ ਰੂਪਵਾਨ ਹੋਵੇ, ਧਨ ਬਹੁਤ ਹੋਵੇ, ਜੋਬਨ ਅਵਸਥਾ ਵਾਲਾ ਹੋਵੇ, ਸਰੇਸ਼ਟ ਕੁਲ ਵਿਖੇ ਜਨਮ ਹੋਵੇ, ਸਰਬੰਧੀ ਬਹੁਤ ਹੋਵਣ।

**ਵਿਦਿਆ ਬਿਨ ਸੋਭਤ ਨਹੀਂ ਜਿਉਂ ਕੇਸੂ ਬਿਨ ਗੰਧ॥ ੧੯॥**

ਪਰ ਵਿੱਦਿਆ ਤੋਂ ਬਿਨਾਂ ਨਹੀਂ ਸੋਭਾ ਪਾਉਂਦੇ, ਕੈਸੇ ਜਿਸ ਤਰ੍ਹਾਂ ਢਾਕ ਕੇ ਫੁੱਲ ਵਿਚ ਸੁਗੰਧ ਨਹੀਂ ਹੁੰਦੀ॥ ੧੯॥

**ਅਲੰਕਾਰ ਪਟ ਭੇਖ ਬਿਨੁ ਯਦਪਿ ਹੋਇ ਕੁਰੂਪ।**

ਭੂਖਣਾ ਤੋਂ ਬਿਨਾਂ ਹੋਵੇ, ਬਸਤਰ ਤੋਂ ਬਿਨਾਂ ਹੋਵੇ, ਭਾਵੇਂ ਕੋਈ ਭੇਖ ਨਾ ਹੋਵ, ਭਾਵੇਂ ਬਦਸੂਰਤ ਹੋਵੇ।

**ਸੋਭਨ ਸੰਤਨ ਸਭਾ ਖਿਤ, ਜਨ ਵਿਦਵਾਨ ਅਨੂਪ।। ੨੦।।**

ਤਾਂ ਭੀ ਸੰਤਾਂ, ਗੁਣੀਆਂ ਦੀ ਸਭਾ ਵਿਚ ਵਿਦਵਾਨ ਪੁਰਸ਼ ਸੋਭਾ ਪਾਉਂਦਾ ਹੈ।। ੨੦।।

**ਸੋਰਠਾ।। ਸ਼ਬਦ ਸ਼ਾਸਤਰ ਕੋ ਤਯਾਗ ਚਹੈ ਅਧੈਨਾ ਪਰ ਨਿਗਮ।
ਸੋ ਪਗ ਗਿਨ ਤਿਹ ਨਾਗ ਨਿਸ ਤਮ ਜਲ ਮੋ ਚਿਰ ਰਮਯੋ।।੨੧।।**

ਜੋ ਵਿਆਕਰਣ ਕੋ ਛੱਡ ਕੇ ਵੇਦਾਂ ਕੋ ਪੜ੍ਹਨਾ ਚਾਹੇ ਸੋ ਮਨੁੱਖ ਮਾਨੋ ਸਰਪ ਪਾਣੀ ਲੰਘ ਗਿਆ ਹੋਵੇ, ਦੇਰ ਦਾ ਕਾਲੀ ਹੋਵੇ, ਰਾਤ ਉਸ ਸੱਪ ਦੇ ਪੈਰ ਨਹੀਂ ਗਿਣੇ ਜਾਤੇ, ਤੈਸੇ ਹੀ ਬੇਦ ਨਹੀਂ ਪੜ੍ਹੇ ਜਾਤੇ।। ੨੧।।

**ਦੋਹਰਾ।। ਬਿਖ ਵਿਦਿਆ ਅਭਯਾਸ ਬਿਨੁ ਭੋਜਨ ਗਰਲ ਅਘਾਇ।
ਸਭ ਕੋ ਸੰਗ ਦਰਿਦ੍ਰ ਬਿਖ ਬ੍ਰਿਧ ਨਾਰਿ ਬਿਖ ਗਾਇ।।੨੨।।**

ਅਭਿਆਸ ਤੋਂ ਬਿਨਾਂ ਵਿੱਦਿਆ ਜ਼ਹਿਰ ਸਮਾਨ ਹੈ, ਸਰੇਸ਼ਟ ਪੁਰਸ਼ ਕੋ ਦਰਿਦਰੀ ਕੀ ਸੰਗਤ ਜ਼ਹਿਰ ਸਮਾਨ ਹੈ, ਬੁੱਢੀ ਇਸਤਰੀ ਕੋ ਗਾਵਨਾ ਜ਼ਹਿਰ ਸਮਾਨ ਹੈ।। ੨੨।।

**ਮਾਤਾ ਵਤ ਰਖਿਆ ਕਰੇ ਪਿਤਾ ਜਿਵੇਂ ਹਿਤਕਾਰ।
ਕਰੇ ਨਾਰਿ ਜਯੋਂ ਪ੍ਰੇਮ ਬਹੁ ਸ਼ੋਕ ਟਾਰ ਸੁਖ ਕਾਰ।। ੨੩।।**

ਵਿੱਦਿਆ ਕੈਸੀ ਹੋਵੇ ਮਾਤਾ ਸਮਾਨ ਪਿਆਰ ਕਰਤੀ ਹੈ ਤੇ ਪਿਤਾ ਸਮਾਨ ਹਿੱਤ ਕਰਤੀ ਹੈ, ਇਸਤਰੀ ਸਮਾਨ ਪ੍ਰੇਮ ਕਰਦੀ ਹੈ, ਸ਼ੋਕ ਕੋ ਹਟਾ ਦੇਤੀ ਹੈ।। ੨੩।।

**ਵਿਦਿਆ ਬਾਂਧਵ ਜਿਉਂ ਸਕਲ ਕਾਰਜ ਦੇਤ ਸਵਾਰ।**

ਵਿੱਦਿਆ ਕੈਸੀ ਹੈ ਕਿ ਪਿਆਰੇ ਸਰਬੰਧੀਆਂ ਦੇ ਵਾਂਗ ਸਾਰੇ ਹੀ ਕਾਰਜ ਕਰ ਦਿੰਦੀ ਹੈ।

**ਦਾਯਕ ਕੀਰਤਿ ਦਰਬ ਕੀ ਤਾਂਤੇ ਪੜ੍ਹੋ ਉਦਾਰ।। ੨੪।।**

ਵਿੱਦਿਆ ਧਨ ਭੀ ਦੇਂਦੀ ਹੈ, ਜੱਸ ਦੇਂਦੀ ਹੈ, ਤਾਂ ਤੇ ਹੇ ਭਾਈ?

ਵਿੱਦਿਆ ਪੜ੍ਹੋ ਪਰੇਮ ਨਾਲ॥ ੨੪॥

**ਸਹਿਸ ਗੁਣਾ ਵਿਦਿਆ ਵਧੇ ਪੁਨਾ ਪੁਨਾ ਅਭਿਆਸ॥**

ਹਜ਼ਾਰਾਂ ਗੁਣਾਂ ਵਿੱਦਿਆ ਵਧਦੀ ਹੈ। ਬਾਰ-ਬਾਰ ਪੜ੍ਹਨੇ ਸੇ ਦਿਨੇ ਰਾਤੀਂ ਜੀਭ ਤੇ ਵਿੱਦਿਆ ਰਹਿੰਦੀ ਹੈ।

**ਰਸਨਾ ਗਰੈ ਨਿਸ ਦਿਨ ਵਸੈ ਜਿਉਂ ਜਲ ਨੀਚੇ ਵਾਸੁ॥ ੨੫॥**

ਜਿਸ ਤਰ੍ਹਾਂ ਜਲ ਨੀਵੀਂ ਜਗ੍ਹਾ ਤੇ ਆਉਂਦਾ ਹੈ ਉਸ ਤਰ੍ਹਾਂ ਹੀ ਵਿੱਦਿਆ ਮੂੰਹ ਤੋਂ ਨਿਕਲਦੀ ਹੈ॥ ੨੫॥

**ਸਾਸਤ੍ਰ ਕਰ ਮਦ ਹਤ ਸੁਜਨ ਖਲ ਕੋ ਮਦ ਉਪਜੰਤ॥**

ਸ਼ਾਸਤਰ ਪੜ੍ਹਨ ਕਰਕੇ ਸਰੇਸ਼ਟ ਬੁੱਧ ਵਾਲੇ ਦਾ ਹੰਕਾਰ ਦੂਰ ਹੁੰਦਾ ਹੈ ਅਤੇ ਮੂਰਖ ਆਦਮੀ ਕੋ ਹੰਕਾਰ ਪੈਦਾ ਹੁੰਦਾ ਹੈ।

**ਜਿਉਂ ਦ੍ਰਿਗ ਭਾਨੁ ਪ੍ਰਕਾਸ਼ ਹੈ ਉੱਲੂ ਅੰਧ ਕਰੰਤ॥ ੨੬॥**

ਦ੍ਰਿਸ਼ਟਾਂਤ— ਜੈਸੇ ਸੂਰਜ ਅੱਖੀਆਂ ਵਾਲੇ ਨੂੰ ਪ੍ਰਕਾਸ਼ ਦੇਂਦਾ ਹੈ, ਪਰ ਉੱਲੂ ਨੂੰ ਫੇਰ ਵੀ ਅੰਧੇਰਾ ਨਜ਼ਰ ਆਉਂਦਾ ਹੈ॥ ੨੬॥

*ਸਵੈਯਾ॥*

**ਮੁਕਟਾਂਗਦ ਕੁੰਡਲ ਕੰਕਨ ਹੈ ਕਰ ਚੰਦ੍ਰ ਪ੍ਰਭਾ ਗਰ ਮੋਤਨ ਹਾਰਾ।**
**ਮੁਖ ਚੰਦ੍ਰ ਪ੍ਰਭਾ ਦ੍ਰਿਗ ਕੰਜ ਪ੍ਰਭਾ ਤਨ ਕੰਦ ਪ੍ਰਭਾ ਰਤਿ ਸੀ ਘਰ ਦਾਰਾ।**
**ਇਸ਼ਨਾਨ ਵਿਲੋਪਨ ਚੰਦਨ ਕੁੰਕਮ ਗੰਧ ਘਨੀ ਕਰ ਗੁੰਦਿਤ ਵਾਰਾ।**
**ਨਰ ਕੋ ਇਹ ਸੁੰਦਰ ਸਾਚ ਕਰੇਂ ਪਰ ਅੰਤ ਅਨੰਤ ਕਲੇਸ ਭੰਡਾਰਾ॥ ੨੭॥**

ਮੁਕਟ ਹੈ ਸਿਰ ਉਪਰ, ਬਹੁਤ ਹੈਂ ਹੱਥਾਂ ਵਿਖੇ ਕੜੇ ਚੰਦ੍ਰਮਾਂ ਕੇ ਸਮਾਨ, ਜਿਸ ਕੇ ਗਲ ਵਿਖੇ ਮੋਤੀਆਂ ਦਾ ਹਾਰ ਹੈ, ਮੁਖ ਜਿਸ ਕਾ ਚੰਦਰਮਾਂ ਸਮਾਨ ਹੈ। ਨੇਤਰ ਕੌਲ ਸਮਾਨ ਹੈਂ, ਰਤੀ ਕੇ ਸਮਾਨ ਘਰ ਮੇਂ ਇਸਤਰੀ ਹੈ, ਇਸ਼ਨਾਨ ਕਰਦਾ ਹੈ, ਚੰਦਨ ਕੇਸਰ ਸੇ ਸੁਗੰਧ ਨਾਲ ਭਿੱਜੇ ਹੋਏ ਬਾਲ ਹਨ,

ਇਹ ਬਾਤਾਂ ਮਨੁੱਖ ਕੋ ਸੁੰਦਰ ਕਰਤੀ ਹੈਂ, ਪਰ ਅੰਤ ਨੂੰ ਦੁੱਖ ਕਾ ਖਜ਼ਾਨਾ।

**ਸਭ ਭੂਖਨ ਮੈਂ ਯਹਿ ਭੂਖਣ ਹੈ ਸੁਭ ਵੇਦ ਮਈ ਇਕ ਬਾਨੀ ਉਦਾਰਾ।**

ਸੰਪੂਰਣ ਗਹਿਣਿਆਂ ਵਿਚੋਂ ਇਹ ਸਰੇਸ਼ਟ ਗਹਿਣਾ ਹੈ, ਕਿਹੜਾ ਜਿਹੜੀ ਵੇਦਾਂ ਨਾਲ ਮਿਲੀ ਹੋਈ ਜੋ ਬਾਣੀ ਹੈ।

**ਨਰ ਕੋ ਵਹੁ ਸੁੰਦਰ ਬੇਗ ਕਰੇ ਬਪੁਸਾਰ ਜਿਸੇ ਫਲੁ ਦੇਵਹਿ ਸਾਰਾ।**

ਸਰੇਸ਼ਟ ਮਨੁੱਖ ਕੋ ਸ਼ੀਘਰ ਹੀ ਸੁੰਦਰ ਕਰਤੀ ਹੈ ਅਤੇ ਸੁਰੱਸਤੀ ਜਿਸ ਕੋ ਸਰੇਸ਼ਟ ਫਲ ਦੇਵੇ।

**ਚਤੁਰਾਨਨ ਚੌਦਸ ਭੌਨ ਰਚੇ ਪਰ ਨਾ ਵਿਦਿਆ ਸਮ ਤਾਹਿ ਮਝਾਰਾ।**

ਬ੍ਰਹਮਾ ਜੀ ਨੇ ਚੌਦਾਂ ਲੋਕ ਬਣਾਏ ਹਨ, ਪਰੰਤੂ ਵਿੱਦਿਆ ਦੇ ਬਰਾਬਰ ਕੋਈ ਵੀ ਵਸਤੂ ਚੌਦਾਂ ਭਵਨਾਂ ਵਿਚ ਨਹੀਂ ਹੈ।

**ਨਰ ਤਾ ਤੇ ਸਦੀਵ ਪੜੇ ਵਿਦਿਆ ਹਰਦਿਆਲ ਚਹੇ ਜੋ ਪਦਾਰਥ ਚਾਰਾ।**

ਇਸ ਲਈ ਹੇ ਭਾਈ! ਵਿੱਦਿਆ ਪੜ੍ਹ ਜੇ ਤੂੰ ਚਾਰ ਫਲ ਚਾਹੁੰਦਾ ਹੈਂ, ਧਰਮ ਅਰਥ ਕਾਮ ਮੋਖ॥ ੨੮॥

**ਦੋਹਰਾ॥ ਬਾਈ ਦੋਹੇ ਤਰੈ ਸੋਰਠੈ ਦੋਇ ਸਵੈਯੇ ਚੀਨ।**
**ਇਕ ਸੰਕਰ ਅਠ ਬੀਸ ਬ੍ਰਿਤਿ ਚਿਤ ਬ੍ਰਿਤ ਕਰੇ ਮਹੀਨ॥ ੨੯॥**

ਇਸ ਧਿਆਇ ਵਿਚ ਬਾਈ ਦੋਹੇ, ਸੋਹਠੇ ਤਿੰਨ, ਸਵੱਯੇ ਦੋ, ਸ਼ੰਕਰ ਛੰਦ ਇਕ ਹੈ, ਸਾਰੇ ਅਠਾਈ ਹੈਂ, ਚਿਤ ਕੀ ਬਿਰਤੀ ਕੋ ਬਰੀਕ ਕਰਤੇ ਹੈਂ॥ ੨੯॥

**ਇਤਿ ਸ੍ਰੀ ਸਾਰੁਕਤਾਵਲੀ ਤਾਸ ਤ੍ਰਿਤੀਯ ਅਧਯਾਇ।**
**ਕੀਰਤਿ ਵਿਦਯਾ ਕੀ ਕਰੀ ਕਵਿ ਹਰਦਿਆਲ ਸੁਭਾਇ॥ ੩੦॥**

ਇਤਿ ਸ੍ਰੀ ਸਾਰੁਕਤਾਵਲੀ ਟੀਕਾ ਤ੍ਰਿਤੀਓ ਧਯਾਇ ਸਮਾਪਤ ਹੋਇਆ, ਤਿਸ ਵਿੱਚ ਵਿੱਦਿਆ ਦੀ ਕੀਰਤੀ ਦਾ ਵਰਨਣ ਕੀਤਾ ਹੈ।

# ਅਥ ਚਤੁਰਥੋ ਅਧਿਆਇ

**ਦੋਹਰਾ॥ ਕਹੇ ਚਤੁਰਥੇ ਗਜਾਨ ਹਿਤ ਉਤਮ ਆਠ ਸਲੋਕ॥**

ਚੌਥੇ ਅਧਿਆਏ ਵਿਖੇ ਵੱਡੇ ਉੱਤਮ ਅੱਠ ਸਲੋਕ ਕਹਾਂਗੇ, ਭਾਵ ਸਵੈਯਾਂ, ਦੋਹਰਿਆਂ ਵਿਚ ਸਲੋਕਾਂ ਦਾ ਅਧਿਆਨ ਕਹਾਂਗੇ।

**ਸ਼ੋਕ ਸੁਕਹਿ ਇਸ ਲੋਕ ਕੇ ਅੰਤਹਿ ਮੁਕਤ ਸੁ ਲੋਕ॥ ੧॥**

ਇਸ ਲੋਕ ਕੇ ਦੁੱਖ ਦੂਰ ਹੋ ਜਾਣਗੇ। ਅੰਤ ਮੇਂ ਵਿਸ਼ਨੂੰ ਪਾਸ ਵਾਸਾ ਹੋਵੇਗਾ॥ ੧॥

ਸਵੈਯਾ॥ **ਜਨ ਊੱਤਮ ਹੇਰ ਧਰਾ ਪਰ ਊੱਤਮ ਪਾਉ ਧਰੇ ਨਹਿ ਜੰਤ ਮਰੇ॥**

ਉੱਤਮ ਪੁਰਸ਼ ਹੈ ਜੋ ਪ੍ਰਿਥਵੀ ਉਪਰ ਦੇਖ ਕੇ ਗੰਦਗੀ, ਕੰਡੇ, ਹੱਡੀ ਆਦਿਕ ਨਾ ਹੋਵੇ, ਓਥੇ ਪੈਰ ਧਰੇ ਔਰ ਜੀਵ ਨਾ ਮਾਰੇ ਪੈਰ ਹੇਠ।

**ਅਤਿ ਵਾਕ ਪਵਿਤ੍ਰ ਯਥਾਰਥ ਸੁੰਦਰ ਸੋਧ ਰਿਦੇ ਸਭਹੂੰ ਕੋ ਰਰੇ॥**

ਸਭ ਕੇ ਸਾਥ ਮਿੱਠੀ ਬਾਣੀ ਬੋਲੇ, ਪੰਡਤ ਜੀ, ਭਗਤਾ ਜੀ, ਸੰਤ ਜੀ। ਕਿਸੇ ਕੋ ਦੁੱਖ ਦੇਣੇ ਵਾਲੇ ਵਾਕ ਨਾ ਕਹੇ।

**ਪੁਨ ਕੈ ਸਚੁ ਚੀਰ ਸੌ ਨੀਰ ਭਲੇ ਜਨ ਧੀਰ ਨਿਰੰਤਰਿ ਪਾਠ ਕਰੇ।**

ਅਤੇ ਪਵਿੱਤਰ ਬਸਤਰ ਵਿਚ ਪੁਣ ਕੇ ਜਲ ਨੂੰ ਪੀਵੇ, ਧੀਰਜਵਾਨ ਹਿਰਦੇ ਵਿਖੇ ਸਰੇਸ਼ਟ ਬਸਤਰ ਜਾਣ ਕੇ ਗ੍ਰਹਿਣ ਕਰੇ।

**ਬੁਧਿ ਸੌਂ ਲਖ ਕੈ ਸਤ ਵਸਤੁ ਧਰੈ ਪੁਰਖੋਤਮ ਲੱਖਨ ਦੇ ਉਚਰੇ॥ ੨॥**

ਅਕਲ ਨਾਲ ਵਿਚਾਰ ਕੇ ਸੱਚੀ ਵਸਤੂ ਨੂੰ ਧਾਰਨ ਕਰੇ, ਉੱਚ ਪੁਰਖਾਂ ਕੇ ਲੱਛਣ ਕਹੇ ਹਨ ਸ਼ਾਸ਼ਤਰੋਂ ਨੇ॥ ੨॥

**ਦੋਹਰਾ॥ ਤਨ ਪਟ ਜਲ ਕਰ ਸ਼ੁੱਧ ਹੈ ਬੁਧਿ ਵਿਦਾਂਤ ਵਿਚਾਰ।**

ਸਰੀਰ ਔਰ ਬਸਤਰ ਜਲ ਕਰਕੇ ਪਵਿੱਤਰ ਹੈਂ, ਬੁੱਧੀ ਵਿਦਾਂਤ ਕੇ ਪੜ੍ਹਨ ਨਾਲ ਨਿਰਮਲ ਹੁੰਦੀ ਹੈ।

**ਜੀਵ ਅਹਿੰਸਾ ਗੋ ਭਗਤਿ ਮਨ ਨਿਰ ਵੇਦਹਿ ਧਾਰ॥ ੩॥**

ਜੀਵ ਤਾਂ ਸ਼ੁੱਧ ਹੋਤਾ ਹੈ, ਜੇਕਰ ਕੋਈ ਜੀਵ ਨਾ ਮਾਰੇ, ਇੰਦਰੀਆਂ ਤਾਂ ਪਵਿੱਤਰ ਹੁੰਦੀਆਂ ਹਨ ਜੇ ਪਰਮੇਸ਼ਰ ਕੀ ਭਗਤੀ ਕਰੇ ਤੇ ਮਨ ਵਿਰਾਗ ਕਰਕੇ ਸ਼ੁੱਧ ਹੈ॥ ੩॥

**ਜਲ ਕਰ ਕਰਦਮ ਉਪਜ ਹੈ ਜਲ ਕਰ ਪੰਕ ਵਿਨਾਸ॥**

ਦ੍ਰਿਸ਼ਟਾਂਤ ਥੋੜ੍ਹੀ ਵਰਖਾ ਹੋਣ ਨਾਲ ਬਜ਼ਾਰ ਵਿਚ ਚਿੱਕੜ ਹੋ ਜਾਂਦਾ ਹੈ, ਬਹੁਤ ਵਰਖਾ ਹੋਣ ਨਾਲ ਬਜ਼ਾਰ ਦਾ ਚਿੱਕੜ ਰੁੜ੍ਹ ਜਾਂਦਾ ਹੈ।

**ਮਨ ਕਰ ਉਪਜਤ ਪਾਪ ਕਿਲ ਮਨ ਕਰ ਹੀ ਅਘ ਨਾਸ॥ ੪॥**

ਤੈਸੇ ਹੀ ਮਨ ਤੋਂ ਪਾਪ ਉਤਪੰਨ ਹੈ, ਜੇਕਰ ਭਗਤੀ ਵਿਚ ਲੱਗੇ ਤਾਂ ਪਾਪ ਨਾਸ ਹੋ ਜਾਂਦਾ ਹੈ॥ ੪॥

**ਜਲ ਬ੍ਰਤ ਮੰਤ੍ਰ ਸ਼ਨਾਨ ਤ੍ਰੈ ਜਪੀ ਤਪੀ ਬ੍ਰਤ ਮੰਤ੍ਰ॥**

ਜਗਤ ਵਿਖੇ ਤਿੰਨ ਅਸ਼ਨਾਨ ਹਨ, ਜਲ ਅਸ਼ਨਾਨ, ਰਤ ਅਸ਼ਨਾਨ ਅਤੇ ਮੰਤਰ ਅਸ਼ਨਾਨ। ਜਪੀ ਬਰਤ ਰੱਖੇ ਤਾਂ ਪਵਿੱਤਰ ਹੋਤਾ ਹੈ, ਤਪੀ ਮੰਤਰ ਪੜ੍ਹੇ ਤਾਂ ਪਵਿੱਤਰ ਹੋਤਾ ਹੈ।

**ਜਲ ਸ਼ਨਾਨ ਗ੍ਰਿਸਤੀਨ ਕੋ ਪੂਜੇ ਉਭੈ ਨਿਰੰਤ੍ਰ॥ ੫॥**

ਗ੍ਰਿਹਸਤੀ ਜਲ ਕਾ ਅਸ਼ਨਾਨ ਕਰੇ ਅਤੇ ਜਪੀ, ਤਪੀ ਦੀ ਸੇਵਾ ਕਰੇਗਾ ਤਾਂ ਪਵਿੱਤਰ ਹੋਤਾ ਹੈ॥ ੫॥

**ਦੋਹਰਾ॥ ਜਲ ਨ੍ਹਾਏ ਨ੍ਹਾਏ ਨਹੀ ਅੰਤੁਸ਼ਕਰਨ ਮਲੀਨ॥**

ਜਲ ਦੇ ਨ੍ਹਾਵਣ ਨਾਲ ਪਵਿੱਤਰ ਨਹੀਂ ਹੋਤਾ ਜੇਕਰ ਮਨ ਨਾ ਸ਼ੁੱਧ ਹੋਵੇ। ਜਿੰਨਾ ਚਿਰ ਮਨ ਹੀ ਖੋਟਾ ਹੋਵੇ ਪਾਪਾਂ ਕਰਕੇ।

**ਸੁਰਾ ਪਾਤ੍ਰ ਕੋ ਵਾਰ ਸੌ ਧੋਏ ਸੁਧ ਕਬੀ ਨ॥ ੬॥**

ਜਿਸ ਤਰ੍ਹਾਂ ਸ਼ਰਾਬ ਦਾ ਹੋਵੇ ਭਾਂਡਾ ਉਸ ਨੂੰ ਧੋਈਏ ਸੌ ਵੇਰ ਤਾਂ ਭੀ ਪਵਿੱਤਰ ਨਹੀਂ ਹੁੰਦਾ॥ ੬॥

**ਮਾਤ ਪਿਤਾ ਗੁਰ ਕੀ ਭਗਤਿ ਸਤ ਤਪ ਗੁਣ ਨਿਗਰੇਹ।**
**ਕ੍ਰਿਤਾ ਸਰਬ ਪਰ ਸਪਤ ਹੈ ਅੰਤਰ ਤੀਰਥ ਏਹ॥ ੭॥**

ਮਾਤਾ ਪਿਤਾ, ਗੁਰਾਂ ਕੀ ਸੇਵਾ ਕਰਨੀ, ਸੱਚ ਬੋਲਣਾ, ਤਪ ਕਰਨਾ, ਗੁਣਾਂ ਕੋ ਗ੍ਰਹਿਣ ਕਰਨਾ, ਸਭ ਉਪਰ ਦਯਾ ਕਰਨੀ, ਏਹ ਸਭ ਅੰਤ੍ਰੀਵ ਤੀਰਥ ਹਨ॥ ੭॥

**ਕਬਿੱਤ॥ ਸੀਤਲਾ ਸੁਗੰਧ ਮੰਦ ਭੂਖਨ ਪ੍ਰਭੰਜਨ ਕੋ**
**ਧਰਨ ਸੁਜਸ ਬਾਣੀ ਮੌਨ ਕੇ ਵਿਚਾਰੀ ਹੈ॥**

ਠੰਢੀ ਸੁਗੰਧਤਾ ਵਾਲੀ ਹੌਲੇ-ਹੌਲੇ ਚਲਣਾ ਇਹ ਪੌਣ ਕਾ ਭੂਸ਼ਨ ਹੈ। ਧਰਮ ਕਰਕੇ ਚੁੱਪ ਰਹੇ ਤਾਂ ਸਰੇਸ਼ਟ ਜੱਸ ਹੋਤਾ ਹੈ।

**ਖਿਮਾ ਤਪ ਧਾਰੀ ਵਿਦਯਾ ਬਿਪ੍ਰ ਕੋ ਉਚਾਰੀ**
**ਨਿਜ ਪ੍ਰਤਿਬ੍ਰਤਿ ਨਾਰੀ ਧਨ ਦਾਨ ਪਾਤ੍ਰ ਭਾਰੀ ਹੈ॥**

ਤਪੀ ਕਾ ਭੂਸ਼ਨ ਕੀ ਹੈ, ਖਿਮਾਂ ਕਰੇ। ਬਰਾਹਮਣ ਕਾ ਭੂਸ਼ਨ ਕੀ ਹੈ, ਵਿੱਦਿਆ ਪੜ੍ਹੇ। ਇਸਤਰੀ ਦਾ ਭੂਸ਼ਨ ਕੀ ਹੈ, ਆਪਣੇ ਪਤੀਬ੍ਰਤ ਧਰਮ ਦੀ ਹੋਣਾ। ਧਨ ਕਾ ਭੂਸ਼ਨ ਕੀ ਹੈ, ਗਰੀਬ ਕੋ ਦਾਨ ਦੇਣਾ।

**ਉਪ ਸਮ ਗਿਆਨੀ ਪੁਨਿ ਪੰਡਿਤ ਅਮਾਨੀ**
**ਸੂਰ ਸੰਜਮਿ ਸੁਬਾਨੀ ਨਰਪਤਿ ਨੀਤ ਪਿਆਰੀ ਹੈ॥**

ਗਿਆਨੀ ਕਾ ਭੂਸ਼ਨ ਕੀ ਹੈ, ਵੈਰਾਗ। ਪੰਡਤ ਜੋ ਹੈ ਨਿਰਹੰਕਾਰ ਰਹੇ। ਸੂਰਮਾ ਸੰਜਮ ਕੁਰਬਾਨ ਕਰਕੇ ਨਾ ਕਹੇ ਕਿ ਮੈਂ ਸੂਰਮਾ ਹਾਂ। ਰਾਜਾ ਜੋ ਹੈ ਉਹ ਰਾਜਨੀਤੀ ਨਾਲ ਪਿਆਰ ਕਰੇ।

**ਦੇਹ ਕੇ ਪ੍ਰਮਾਨ ਦ੍ਰਿਗ ਮ੍ਰਿਦੁਤਾ ਮਹਾਨ ਜਗ**
**ਭਗਵਾਨ ਪਾਦ ਭ੍ਰਿਗੁ ਬੰਦਨਾ ਹਮਾਰੀ ਹੈ॥ ੮॥**

ਸਰੀਰ ਕਾ ਪਰਧਾਨ ਨੇਤਰ ਹਨ, ਨੇਤਰ ਨਾ ਹੋਣ ਤਾਂ ਸਰੀਰ ਵਿਅਰਥ ਹੈ। ਕੋਮਲਤਾਈ ਸਹਿਜ ਹੈ। ਜੋ ਵਿਸ਼ਨੂੰ ਭਗਵਾਨ ਭ੍ਰਿਗ ਲੱਤਾਂ ਵਾਲਾ ਹੈ,

ਤਿਸ ਕੋ ਮੇਰੀ ਨਮਸ਼ਕਾਰ ਹੈ।। ੮।।

ਸਵੈਯਾ।।

**ਧਨਵਾਨ ਖਿਮਾ ਧ੍ਰਿਤਵਾਨ ਤਪੀ ਸੁਤਿ ਮੌਨ ਕੁਵਾਕ ਨਿਜੈ ਜਸ ਤੇ।**
**ਪਰ ਕਾਮ ਮਰੇ ਸ੍ਵਧਰੇ ਧਰਮਾ ਕਰ ਹੈ, ਕਰੁਣਾ ਬ੍ਰਿਧ ਤੇ ਪਸੁ ਤੇ।**
**ਪਰ ਖੇਦ ਸਹੇਨ ਸਹੇ ਪਰ ਖੇਦ ਯਥਾ ਸੁਖ ਮੋਦ ਅਘੈ ਤ੍ਰਸਤੇ।**
**ਕਬਹੂੰ ਕਰ ਤੇ ਨ ਸਤੇ ਦਸਤੇ ਹਸਤੇ ਹਸਤੇ ਸ੍ਵਰਗੇ ਬਸਤੇ।। ੯।।**

ਧਨ ਵਾਲੇ ਕੋ ਦਯਾ ਕਰਨੀ ਸਰੇਸ਼ਟ ਹੈ, ਸੂਰਮਾ ਧੀਰਜ ਕੋ ਧਾਰੇ, ਤਪੀ ਖਿਮਾਂ ਧਾਰੇ, ਆਪਣਾ ਜੱਸ ਸੁਣੇ, ਚੁਪ ਕਰੇ ਤੇ ਖੋਟੇ ਵਾਕ ਨਾ ਕਰੇ। ਪਰਾਇਆ ਕੋਈ ਕੰਮ ਹੋਵੇ ਤਾਂ ਕਰੇ, ਸਿਰ ਦੇ ਜ਼ੋਰ ਨਾਲ ਧਰਮ ਕੋ ਧਾਰਨ ਕਰੇ, ਸਭ ਪੁਰ ਕਿਰਪਾ ਕਰੇ, ਬੁੱਢੇ ਉਪਰ ਤਥਾ ਪਸ਼ੂਆਂ ਉਪਰ। ਪਰਾਇਆ ਦੁੱਖ ਦੇਖ ਕੇ ਨਾ ਸਹਾਰੇ, ਉਸਕਾ ਦੁੱਖ ਹਟਾਵੇ, ਆਪ ਕਿਸੀ ਕੋ ਦੁੱਖ ਨਾ ਦੇਵੇ, ਜੋ ਪੁਰਸ਼ ਹੱਥਾਂ ਕਰਕੇ ਚੋਰੀ ਨਹੀਂ ਕਰਦੇ ਉਹ ਪੁਰਸ਼ ਹੱਸਦੇ-ਹੱਸਦੇ ਸੁਰਗ ਜਾਂਦੇ ਹਨ।। ੯।।

**ਦੋਹਰਾ।। ਦੋਇ ਸਵਯੇ ਦੋਹਰੇ ਪਾਂਚ ਕਬਿੱਤ ਸੁ ਏਕ।**
**ਅਸ਼ਟ ਛੰਦ ਚਿਤ ਅਸ਼ਟ ਕੋ ਕਰ ਹੈਂ ਨਸਟ ਖਿਣੇਕ।। ੧੦।।**

ਇਸ ਧਿਆਇ ਵਿਚ ਦੋ ਸਵੱਯੇ, ਪੰਜ ਦੋਹਰੇ, ਇਕ ਕਬਿੱਤ, ਅੱਠ ਛੰਦ ਹੈਂ, ਚਿੱਤ ਕੇ ਦੁੱਖ ਦੂਰ ਕਰਤੇ ਹੈਂ।। ੧੦।।

**ਇਤਿ ਸ੍ਰੀ ਸਾਰੁਕਤਾਵਲੀ ਤਾਸੁ ਚਤੁਰਥੋ ਧ੍ਯਾਇ।।**
**ਗਿਆਨ ਨਿਰੂਪਯੇ ਤਾਸ ਮੈਂ ਕਵਿ ਹਰਿ ਦਯਾਲ ਸੁਭਾਇ।। ੧੧।।**

ਇਤਿ ਸ੍ਰੀ ਸਾਰੁਕਤਾਵਲੀ ਟੀਕਾ ਗ੍ਰੰਥ ਚੌਥਾ ਅਧਿਆਇ ਸਮਾਪਤ ਹੋਇਆ, ਇਸ ਵਿਚ ਗਿਆਨ ਦਾ ਵਰਨਣ ਕੀਤਾ ਹੈ।

# ਅਥ ਪੰਜਵਾਂ ਅਧਿਆਇ

**ਦੋਹਰਾ॥ ਅਥ ਪੰਚਮ ਅਧਿਆਇ ਮੇਂ ਵਰਨਨ ਕਰੈਂ ਵਿਚਾਰ। ਖਸ਼ਟ ਛੰਦ ਚਿਤ ਚੰਦ ਜਨ ਸ੍ਰੁਤਿ ਧਰ ਸੁਣੋ ਉਦਾਰ॥ ੧॥**

ਪੰਜਵੇਂ ਅਧਿਆਏ ਵਿਚ ਵਿਚਾਰ ਕਰ ਵਰਨਣ ਕਹਾਂਗੇ। ਛੇ ਛੰਦ ਕਹਾਂਗੇ। ਜੋ ਕੌਲ ਸਮਾਨ ਚਿੱਤ ਕੋ ਖਿੜਾਉਣ ਵਾਲੇ ਹਨ, ਕੰਨ ਦੇ ਕੇ ਸੁਣੋ॥ ੧॥

**ਚੌਪਈ॥**

**ਗੌਰਵ ਪ੍ਰਾਪਤਿ ਦਾਨ ਕਰੈ ਧਨ॥ ਧਨ ਸੰਗ੍ਰਹਿ ਕਰ ਗੌਰਵ ਨਹਿ ਜਨ।**

ਕਵੀ ਜੀ ਕਹਿੰਦੇ ਹਨ, ਵਡਿਆਈ ਤਾਂ ਪ੍ਰਾਪਤ ਹੁੰਦੀ ਹੈ ਧਨ ਦਾਨ ਕਰਕੇ ਤੇ ਕ੍ਰਿਪਨਤਾਈ ਕਰਨੇ ਕਰਕੇ ਅਤੇ ਧਨ ਇਕੱਠਾ ਕਰਨ ਨਾਲ ਵਡਿਆਈ ਨਹੀਂ ਹੁੰਦੀ, ਸਗੋਂ ਨਿੰਦਿਆ ਹੁੰਦੀ ਹੈ, ਤਿਸ ਧਨ ਦੇ ਇਕੱਠਾ ਕਰਨ ਵਾਲੇ ਸੂਮ ਦੀ।

**ਸਭ ਤੇ ਊਚੇ ਬਾਰਿਦ ਜੈਸੇ। ਬਾਰਧ ਅਧੋ ਭਏ ਪੁਨ ਤੈਸੇ॥ ੧॥**

ਦ੍ਰਿਸ਼ਟਾਂਤ— ਬੱਦਲ ਜੋ ਜਲ ਕਾ ਦਾਨ ਦੇਂਦਾ ਹੈ, ਅਥਵਾ ਵਰਖਾ ਕਰਦਾ ਹੈ, ਕਿਤਨੀ ਉੱਚੀ ਪਦਵੀ ਕੋ ਪਰਾਪਤ ਕਰਦਾ ਹੈ॥ ੧॥

ਸਮੁੰਦਰ ਸੂਮ ਹੈ ਸਭ ਨਦੀਆਂ ਉਸ ਵਿਚ ਪੈਂਦੀਆਂ ਹਨ, ਸੋ ਨੀਚੇ ਹੀ ਜਾਤਾ ਹੈ।

**ਸੋਰਠਾ॥ ਜਯੋਂ ਇਕ ਥਾਪੀ ਤੋਇ ਈਖ ਸੰਗ ਮਿਲ ਮਧੁਰ ਅਤਿ।**

ਜੈਸੇ ਇਕ ਖੂਹ ਕਾ ਜਲ ਹੈ, ਕਮਾਦਿ ਨਾਲ ਮਿਲੇ ਤਾਂ ਮਿੱਠਾ ਹੈ।

**ਕਟੁਤਾ ਨਿੰਮ ਸਮੋਇ ਭੋਜਨ ਪਾਤ੍ਰ ਕੁ ਪਾਤ੍ਰ ਤਿਉਂ॥ ੨॥**

ਜੇਕਰ ਨਿੰਮ ਦੇ ਨਾਲ ਮਿਲੇ ਤਾਂ ਕੌੜਾ ਹੋ ਜਾਤਾ ਹੈ, ਤੈਸੇ ਹੀ ਅੱਛੇ ਪੁਰਸ਼ ਕੋ ਦਾਨ ਦੇਨੇ ਸੇ ਲੋਕ ਪ੍ਰਲੋਕ ਜੱਸ ਹੁੰਦਾ ਹੈ, ਖੋਟੇ ਪੁਰਸ਼ ਕੋ ਦਾਨ ਦੇਨੇ ਸੇ ਜੀਵ ਕੀ ਨਿੰਦਿਆ ਹੁੰਦੀ ਹੈ॥ ੨॥

## ਭੁਜੰਗ ਪ੍ਰਯਾਤ ਛੰਦ॥

**ਫਲੀ ਭੂਤ ਦਾਨੰ ਸੁਭੰ ਪਾਤ੍ਰ ਦੈਯੇ। ਜਥਾ ਬੀਜ ਬੋਯੋ ਸੁ ਖੇਤ੍ਰੇ ਅਖੈਯੇ।**

ਜੇ ਕਿਸੇ ਮਹਾਤਮਾ ਕੋ ਦਾਨ ਦੇਵੀਏ ਉਹ ਦਾਨ ਸਫਲ ਹੁੰਦਾ ਹੈ, ਉਸ ਦਾ ਫਲ ਮਿਲਦਾ ਹੈ। ਜੈਸੇ ਸਰੇਸ਼ਟ ਧਰਤੀ ਮੇਂ ਕਣ ਆਦਿਕ ਬੀਜਣ ਸੇ ਬਹੁਤ ਅੰਨ ਹੁੰਦਾ ਹੈ।

**ਕੁਪਾਤ੍ਰੇ ਮਝਾਰੀ ਦਯੋ ਦਾਨ ਐਸੇ।**

ਤੈਸੇ ਵਿਸ਼ਈ ਪੁਰਖ ਕੋ ਦਾਨ ਦੇਨੇ ਸੇ ਨਰਕ ਪ੍ਰਾਪਤ ਹੁੰਦਾ ਹੈ।

**ਕੁਖੇਤ੍ਰੈ ਮਝਾਰੀ ਬੁਯੋ ਬੀਜ ਜੈਸੇ॥ ੩॥**

ਅਤੇ ਕੱਲਰ ਵਾਲੀ ਧਰਤੀ ਵਿਚ ਅੰਨ ਦਾ ਨਾਸ ਹੋਤਾ ਹੈ, ਉਪਜਦਾ ਨਹੀਂ॥ ੩॥

**ਛਪੈ ਛੰਦ॥ਯੱਗਯ ਸੇਖ ਮੁਨਿ ਭੁਗਤਿ ਸੇਖ ਵਰ ਇਹ ਦੋਇ ਭੋਜਨ।**

ਯੱਗ ਤੋਂ ਬਾਕੀ ਬਚਿਆ ਹੋਇਆ ਜੋ ਹੈ ਅਤੇ ਸੰਤਾਂ ਦੇ ਪ੍ਰਸ਼ਾਦ ਛਕਣ ਤੋਂ ਪਿਛੋਂ ਬਾਕੀ ਜੋ ਬਚਿਆ ਭੋਜਨ ਹੈ ਏਹ ਦੋਵੇਂ ਭੋਜਨ ਸਰੇਸ਼ਟ ਹਨ।

**ਪਾਪ ਤਿਆਗੈ ਜਵਨ ਵਹੀ ਹੈ ਬੁਧਿਮਾਨ ਜਨ।**

ਅਤੇ ਜਿਸ ਨੇ ਪਾਪ ਤਿਆਗ ਦਿੱਤੇ ਹਨ ਉਹੀ ਪੁਰਸ਼ ਬੁੱਧੀਵਾਨ ਹਨ।

**ਉਪਮਾ ਕਰਹਿ ਅਦ੍ਰਿਸ਼ ਸ੍ਰਿਸ਼ਟ ਸੋ ਮਿੱਤ੍ਰ ਮਹਾ ਬਰ।**

ਕਵੀ ਜੀ ਕਹਿੰਦੇ ਹਨ, ਮਿੱਤਰ ਕਿਹੜਾ ਸਰੇਸ਼ਟ ਹੈ, ਜੋ ਪਿੱਠ ਪਿੱਛੇ ਉਸਤਤੀ ਕਰੇ ਭਾਵ ਛੁਪ ਕੇ ਵਡਿਆਈ ਕਰੇ।

**ਦੰਭ ਬਿਨਾ ਜੋ ਧਰਮ ਵਹੀ ਹੈ ਕਹੇ ਮੁਨੀਸ੍ਵਰ॥**

ਜੋ ਪਖੰਡ ਤੋਂ ਬਿਨਾਂ ਧਰਮ ਹੈ ਉਹ ਧਰਮ ਸਰੇਸ਼ਟ ਹੈ, ਮੁਨੀ ਜੀ ਕਹਿੰਦੇ ਹਨ।

**ਹਰਿ ਭਗਤ ਜਗਤ ਮੈਂ ਜਾਨ ਨਿਜ ਇਸ਼ਟ ਬਿਨਾ ਦ੍ਰਿਸ਼ਟੇ ਨ ਅਨ।**

ਪਰਮੇਸ਼ਰ ਦਾ ਭਗਤ ਜਗਤ ਵਿਚ ਉਹ ਜਾਣਿਆ ਜਾਂਦਾ ਹੈ, ਜੋ ਆਪਣੇ ਇਸ਼ਟ ਤੋਂ ਬਿਨਾਂ ਕਿਸੇ ਹੋਰ ਨੂੰ ਨਾ ਜਾਣੇ।

**ਪੁਨ ਸਾਧ ਵਹੀ ਜਗ ਜਾਨੀਏ ਜਾਕੈ ਨਹੀ ਉਪਾਧਿ ਮਨ॥ ੫॥**

ਸੰਤ ਉਹ ਜਗਤ ਵਿਚ ਜਾਣਿਆ ਜਾਂਦਾ ਹੈ ਜਿਸ ਦੇ ਮਨ ਵਿੱਚ ਕੋਈ ਨਫਰਤ ਨਹੀਂ। ਉਪਾਧੀ ਨਹੀਂ, ਇਸਤਰੀ ਅਤੇ ਕਿਸੀ ਜ਼ਮੀਨ ਕੀ, ਅਤੇ ਧਨ ਕੀ, ਔਰ ਚੇਲੇ ਕੇ ਬਨਾਵਣੇ ਕੀ, ਕਿਸੇ ਨਾਲ ਝਗੜਾ ਕਰਨੇ ਕੀ।

*ਸਵੈਯਾ॥*

**ਜਬ ਧਾਰ ਤ੍ਰਿਦੰਡ ਫਿਰੈ ਨਗਨਾ ਮੁਖ ਊਪਰ ਸੀਸ ਜਟਾਨ ਧਰੇ।**

ਜੇਕਰ ਹਿਰਦੇ ਵਿਚ ਪਰਮੇਸ਼ਰ ਦਾ ਨਾਮ ਨਾ ਹੋਇਆ ਅਤੇ ਬਾਹਰੋਂ ਬਗਲੇ ਵਾਂਗੂੰ ਮੱਛੀ ਪਕੜਦਾ ਹੈ, ਪਖੰਡ ਸੋ ਇਹੋ ਜਿਹੇ ਪਖੰਡ ਤੋਂ ਮੁਕਤੀ ਨਹੀਂ ਹੈ, ਹੱਥ ਵਿਖੇ ਡੰਡਾ ਪਕੜ ਅਥਵਾ ਤਿੰਨ ਟਿੱਕੇ ਮੱਥੇ ਉਤੇ, ਨਗਨ ਫਿਰੇ, ਔਰ ਸਿਰ ਦੀਆਂ ਜੜਾਵਾਂ ਮੁੱਖ ਉਤੇ ਧਰ ਕੇ।

**ਅਥਵਾ ਗਿਰ ਕੰਦਰ ਬੀਚ ਬਸੇ ਸਿਲ ਪੈ ਥਿਤ ਹ੍ਵੈ ਬਿਤ ਬ੍ਰਿਛ ਤਲੇ।**

ਅਥਵਾ ਪਹਾੜ ਉਪਰ ਬੈਠਾ ਰਹੇ, ਅਥਵਾ ਬ੍ਰਿਛ ਥੱਲੇ ਖੜਾ ਰਹੇ, ਅਥਵਾ ਤੀਰਥਾਂ ਵਿਚ ਫਿਰੇ।

**ਤਤ ਬੇਦ ਪੁਰਾਨ ਸਿਧਾਂਤ ਪਠੇ ਉਪਵਾਸ ਧਰੇ ਤੀਰਥੋਂ ਵਿਚਰੇ॥**

ਦ੍ਰਿਸ਼ਟਾਂਤ— ਸ਼ਬਦ— 'ਕਿਆ ਨਾਗੇ ਕਿਆ ਬਾਧੇ ਚਾਮ॥ ਜਬ ਨਹੀ ਚੀਨਸਿ ਆਤਮ ਰਾਮ॥'

**ਮਨ ਮੈਂ ਜਬ ਭੋਗਨ ਕੀ ਰਤਿ ਹੈ ਤਬ ਏ ਸਭ ਕਿੰਚਤ ਨਾਹਿ ਕਰੇ॥ ੫॥**

ਜੇਕਰ ਮਨ ਵਿਚ ਭੋਗਾਂ ਦੀ ਆਸਾ ਹੈ ਤਾਂ ਇਹ ਜੋ ਪਿਛੇ ਕਹੇ ਹਨ ਇਹਨਾਂ ਵਿਚੋਂ ਇਕ ਭੀ ਨਾ ਕਰੇ॥ ੫॥

**ਤੋਟਕ ਛੰਦ॥ ਨਿਜ ਮਾਤ ਜਿਵੇਂ ਪਰ ਨਾਰ ਭਜੇ।**
**ਪਰ ਧਨ ਕੋ ਲੋਸ਼ਟ ਸਮਾਨ ਤਜੇ।**

**ਸਭ ਜੀਵ ਸਵਯੰ ਸਮ ਦੇਖਤ ਜੋ।**
**ਮਹਿ ਵੈਸ਼ਨਵ ਹੈ ਇਵ ਪੇਖਤ ਜੋ॥੬॥**

ਜੋ ਪੁਰਖ ਪਰਾਈ ਇਸਤਰੀ ਨੂੰ ਮਾਤਾ ਸਮਾਨ ਜਾਣੇ, ਝਾੜੇ ਬੈਠ ਕੇ ਜਿਵੇਂ ਹੱਥ ਧੋਈਦੇ ਹਨ, ਸਮਾਨ ਧਨ ਕੋ ਤਯਾਗੇ। ਜੋ ਪੁਰਸ਼ ਆਪਣੇ ਸਮਾਨ ਦੂਸਰੇ ਜੀਵ ਕੋ ਸਮਝਤਾ ਹੈ, ਕਹਿਤਾ ਹੈ ਜੈਸਾ ਮੈਨੂੰ ਦੁੱਖ ਪ੍ਰਾਪਤ ਹੋਤਾ ਹੈ, ਤੈਸੇ ਹੀ ਔਰ ਕੋ ਹੋਤਾ ਹੈ, ਜੋ ਐਸਾ ਦੇਖਤਾ ਹੈ, ਉਹ ਵੈਸ਼ਨਵ ਹੈ, ਵਿਸ਼ਨੂੰ ਕਾ ਭਗਤ ਹੈ॥ ੬॥

**ਦੋਹਰਾ॥ ਇਕ ਚੌਪਈ ਇਕ ਸੋਰਠਾ ਏਕ ਭੁਜੰਗ ਪ੍ਰਯਾਤ॥**
**ਏਕ ਛਪਾ ਤੋਟਕ ਇਕੋ ਏਕ ਸਵੈਯਾ ਜਾਤ॥ ੭॥**

ਇਕ ਚੌਪਈ, ਇਕ ਸੋਰਠਾ, ਇਕ ਭੁਜੰਗ ਪ੍ਰਯਾਤ ਛੰਦ, ਇਕ ਛਪਾ, ਇਕ ਤੋਟਕ, ਇਕ ਸਵੈਯਾ।

**ਇਤਿ ਸ੍ਰੀ ਸਾਰੁਕਤਾਵਲੀ ਤਿਹ ਪੰਚਮ ਅਧਿਆਇ।**
**ਤਾ ਮੈਂ ਕਹਯੋ ਵਿਚਾਰ ਸਮ ਕਵਿ ਹਰਿਦਯਾਲ ਸੁਭਾਇ॥ ੫॥**

ਪੰਜਵੇਂ ਅਧਿਆਇ ਮੇਂ ਕਵੀ ਹਰਦਿਆਲ ਜੀ ਕਹਿੰਦੇ ਹਨ, ਮੈਂ ਪ੍ਰੇਮ ਪੂਰਬਕ ਸ਼ੁਭ ਵਿਚਾਰ ਦਾ ਬਿਆਨ ਕੀਤਾ ਹੈ॥ ੫॥

## ਅਥ ਛੇਵਾਂ ਅਧਿਆਇ

**ਦੋਹਰਾ॥ ਦਤੁਰਾਗਤ ਗਤ ਨਰਨ ਕੀ ਕਹੇਂ ਛਿਵੇਂ ਅਧਿਆਇ।**

ਅਥ ਛੇਵੇਂ ਅਧਿਆਇ ਵਿਚ ਚਾਰ ਪਰਕਾਰ ਦੀ ਗਤੀ ਤੇ ਅਗਤੀ ਭਾਵ ਜਾਣਾ ਆਵਣਾ ਪੁਰਸ਼ਾਂ ਦੀ ਜਨਮ ਮਰਨ ਦੀ ਕਹਾਂਗੇ।

**ਪਾਂਚ ਸਵਯੇ ਤਾਸ ਕੇ ਚਤੁਰਨ ਚਿਰ ਬਿਗਸਾਇ॥ ੧॥**

ਤਿਸ ਗਤੀ ਕੇ ਪੰਜ ਸਵੈਯੇ ਹਨ, ਕੈਸੇ ਚਤੁਰ ਪੁਰਖਾਂ ਕੇ ਚਿੱਤ ਕੋ ਖਿੜਾਉਣ ਵਾਲੇ ਚਿੱਤ ਦੇ ਪ੍ਰਸੰਨ ਕਰਨੇ ਕੋ॥ ੧॥

### ਸਵੈਯਾ॥

**ਕਵਿਤਾ ਧਿਖਣਾ ਅਤਿਸੈ ਜਿਨਕੀ ਪੁਨ ਜਾਸ ਕਲੇਵਰ ਰੋਗ ਬਿਲਾਯੋ॥**

ਕਵਿਤਾ ਕਰਨ ਦੀ ਕਵੀਸ਼ਰੀ ਹੋਵੇ, ਅਤਿਸੈ ਕਰਕੇ ਅਕਲ ਉਸ ਦੀ। ਜਿਸ਼ ਦੇ ਸਰੀਰ ਨੂੰ ਕੋਈ ਰੋਗ ਨਹੀਂ।

**ਅਬਲਾ ਅਨੁਰਾਗ ਕਰੇ ਜਿਨ ਸੋ, ਪੁਨਹਾਟਕ ਲਾਭ ਜਿਸੈ ਅਧਿਕਾਯੋ॥**

ਜਿਸ ਕੇ ਸਾਥ ਇਸਤ੍ਰੀਆਂ ਪਰੀਤ ਕਰਦੀਆਂ ਹਨ, ਤਿਸ ਨੂੰ ਸੁਇਨਾ ਆਦਿਕ ਬਹੁਤ ਪ੍ਰਾਪਤ ਹੁੰਦਾ ਹੈ।

**ਸੁਪਨੇ ਕੇ ਮਝਾਰ ਸੁਚੇਤ ਰਹੈ, ਪੁਨ ਸਾਜਨ ਮੈਂ ਅਤਿਸੈ ਜਸ ਛਾਯੋ॥**

ਸੁਪਨੇ ਵਿਚ ਭੀ ਜੋ ਧਰਮ ਵਿਚ ਦ੍ਰਿੜ੍ਹ ਰਹਿ ਕੇ ਕਾਮਦੇਵ ਨੂੰ ਕਾਬੂ ਵਿਚ ਰੱਖਦਾ ਹੈ, ਤਿਸਦਾ ਮਿੱਤਰਾਂ ਵਿਚ ਜੱਸ ਹੁੰਦਾ ਹੋਵੇ।

**ਜਿਸ ਮੈਂ ਸਤ ਲੱਖਨ ਏ ਲਖੀਐ ਵਹੁ ਮਾਨੁਖ ਨਾਕ ਗਿਰਿਯੋ ਛਿਤ ਆਯੋ॥੧॥**

ਜਿਸ ਪੁਰਸ਼ ਵਿਚ ਇਹ ਸਭ ਲੱਛਣ ਹਨ ਉਸ ਨੂੰ ਸਮਝੋ ਉਹ ਸੁਰਗ ਵਿਚੋਂ ਗਿਰ ਕੇ ਪ੍ਰਿਥਵੀ ਉਤੇ ਆਇਆ ਹੈ॥ ੧॥

**ਦਾਨ ਪ੍ਰਸੰਗ ਸਦੀਵ ਕਰੇ ਪਰਮਾਤਮ ਦੇਵ ਭਜੈ ਚਿਤੁ ਲਾਈ॥**

ਜੋ ਪੁਰਖ ਸਦਾ ਹੀ ਦਾਨ ਦਾ ਪ੍ਰਸੰਗ ਕਰਦਾ ਹੈ, ਵਾ ਦਾਨ ਹੀ ਕਰਦਾ ਹੈ ਅਤੇ ਪਰਮੇਸ਼ਰ ਦੇ ਭਜਨ ਵਿਚ ਹੀ ਚਿੱਤ ਲਾਇਆ ਹੈ।

**ਜਾਸ ਗਿਰਾ ਮਧੁਰੀ ਅਤਿਸੈ ਨਿਤ ਸੇਵਤ ਜੋ ਧਰਮੀ ਨਰੁ ਤਾਈ॥**

ਮਿੱਠੀ ਹੈ ਬਾਣੀ ਆਤਮੇ ਕਰਕੇ ਜੋ ਧਰਮੀ ਮਨੁੱਖਤਾ ਦੀ ਸੇਵਾ ਕਰਦਾ ਹੈ।

**ਜਾ ਜਨ ਕੇ ਮਨ ਮੈਂ ਨਿਤ ਹੀ ਗੁਣ ਚਾਰ ਬਿਰਾਜਤ ਏ ਸੁਖਦਾਈ॥**

ਜਿਸ ਆਦਮੀ ਦੇ ਮਨ ਵਿਚ ਇਹ ਚਾਰ ਗੁਣ ਬਿਰਾਜ ਰਹੇ ਹਨ, ਸੁਖਦਾਈ ਹਨ।

**ਤੇ ਨਰ ਭੂਮਿ ਬਿਰਾਜਤ ਹੀ ਸੁਰਗੇ ਬਸ ਹੈ ਸਹਿਸੋ ਨਹਿ ਰਾਈ॥ ੨॥**

ਉਹ ਪੁਰਸ਼ ਪ੍ਰਿਥਵੀ ਤੇ ਬਿਰਾਜ ਕੇ ਸੁਰਗ ਦੇ ਸਮਾਨ ਹਨ. ਇਸ ਵਿਚ ਸਹਿਸਾ ਜ਼ਰਾ ਵੀ ਨਹੀਂ॥ ੨॥

**ਲੋਭ ਕੀ ਅੰਸ ਨਹੀਂ ਜਿਸਕੋ ਨਿੱਤ ਦਾਨ ਦੀਏ ਮਧ ਪ੍ਰੀਤ ਲਗਾਵੈ॥**

ਜਿਸ ਕੇ ਮਨ ਵਿਖੇ ਲੋਭ ਜ਼ਰਾ ਭੀ ਨਹੀਂ ਹੈ, ਸਦਾ ਦਾਨ ਕਰਨ ਵਿਚ ਪਰੀਤੀ ਕਰਦਾ ਹੈ, ਭਾਵ ਸਭ ਨਾਲ ਪ੍ਰੀਤ ਰੱਖੇ।

**ਆਨਨ ਜਾਸ ਪ੍ਰਸੰਨ ਸਦਾ ਪੁਨ ਕੋਮਲ ਜਾਸੁ ਸੁਭਾਵ ਲਖਾਵੈ॥**

ਜਿਸ ਦਾ ਮੁੱਖ ਸਦਾ ਹੀ ਖਿੜਿਆ ਰਹਿੰਦਾ ਹੋਵੇ, ਪ੍ਰਸੰਨ ਰਹਿੰਦਾ ਹੋਵੇ, ਜਿਸ ਦਾ ਕੋਮਲ ਵਾ ਮਿੱਠਾ ਸੁਭਾਅ ਹੋਵੇ।

**ਸੰਤ ਗੁਰੂ ਜਨਨੀ ਸਵਿਤਾ ਪਗ ਸੀਸ ਨਿਰੰਤਰ ਜੋਊ ਨਿਵਾਵੈ॥**

ਸੰਤਾਂ, ਗੁਰਾਂ, ਮਾਤ ਪਿਤਾ ਦੇ ਚਰਨਾਂ ਵਿਚ ਨਿੱਤ ਹੀ ਮੱਥਾ ਟੇਕਦਾ ਹੈ।

**ਜਾ ਮਨ ਦੇ ਗੁਣ ਪਾਂਚ ਬਸੈ ਨਰ ਕਾ ਤਨ ਤਯਾਗ ਨਰੂ ਤਨ ਪਾਵੈ॥ ੩॥**

ਜਿਸਦੇ ਮਨ ਵਿਚ ਇਹ ਪੰਚ ਗੁਣ ਹਨ ਉਹ ਪੁਰਸ਼ ਮਨੁੱਖ ਦਾ ਸਰੀਰ ਤਿਆਗ ਕੇ ਫੇਰ ਦੇਵਤਾ ਬਨਤਾ ਹੈ॥ ੩॥

**ਚਾਹਿ ਘਨੀ ਜਿਨ ਕੇ ਮਨ ਮੈ, ਪੁਨ ਜੋ ਨਰ ਨੀਤ ਸੰਤੋਖ ਤੇ ਭਾਗਤ॥**

ਹਰ ਇਕ ਚੀਜ਼ ਦੀ ਜਿਸ ਦੇ ਮਨ ਵਿਚ ਇੱਛਾ ਬਹੁਤ ਹੈਂ ਅਤੇ ਸੰਤੋਖ ਤੋਂ ਦੂਰ ਹਟਦਾ ਹੈ, ਸੰਤੋਖ ਨਹੀਂ ਕਰਦੇ।

**ਜੋ ਸੁਪਨੇ ਮਹਿ ਮੂੜ ਰਹੇ ਗੁਰ ਮਾਤ ਪਿਤਾ ਨਿਜ ਮਿਤ੍ਰਨ ਠਾਗਤ।**

ਅਤੇ ਸੁਪਨੇ ਵਿਚ ਅਚੇਤ ਹੋ ਜਾਂਦਾ ਹੈ ਭਾਵ ਬੀਰਜ ਪਾਤ ਹੋ ਜਾਵੇ। ਗੁਰਾਂ ਤੇ ਮਾਤਾ ਪਿਤਾ, ਮਿੱਤਰਾਂ ਕੋ, ਸਭਨਾਂ ਦੇ ਨਾਲ ਠੱਗੀ ਕਰਤਾ ਹੈ।

**ਜੋ ਨਰ ਆਲਸਵੰਤ ਰਹੇ ਪੁਨ ਜਾਸ ਸਦਾ ਖੁਧਿ ਆਦਿਕ ਲਾਗਤ।**

ਜੋ ਪੁਰਸ਼ ਆਲਸ ਕਰਦਾ ਹੈ ਉਸ ਨੂੰ ਭੁੱਖ ਬਹੁਤ ਲੱਗਦੀ ਹੈ।

**ਏ ਖਟ ਲਖਨ ਜਾਸ ਵਿਖੇ ਵਹਿ ਟੇਢਨ ਜੋਨਨ ਤੇ ਨਰ ਆਗਤ॥੪॥**

ਇਹ ਛੇ ਲੱਛਣ ਹਨ ਜਿਸ ਵਿਚ ਉਹ ਪੁਰਖ ਸਰਪ ਆਦਿਕ ਦੇਹ ਛੱਡ ਕੇ ਆਇਆ ਹੈ, ਫੇਰ ਉਸੀ ਦੇਹ ਵਿਖੇ ਜਾਵੇਗਾ॥ ੪॥

**ਬਾਧਵ ਮਾਹਿ ਵਿਰੋਧ ਸਦਾ ਅਤਿਸੈ ਕਰਿ ਦੇਹ ਸਰੋਗ ਰਹੇ॥**
**ਮੂਰਖ ਜੰਤ ਕੁਸੰਗਿਤ ਹੈ ਅਤਿ ਕ੍ਰੋਧ ਸੁਭਾਵ ਸਦੀਵ ਅਹੇ॥**
**ਜਾਸ ਸਦੀਵ ਗਿਰਾ ਕਟੁਕੀ ਇਹ ਪਾਂਚ ਕੁਲੱਖਣ ਜਾਸ ਗਹੇ॥**
**ਤੇ ਨਰ ਤਿਆਗ ਆਏ ਨਰਕਾ ਨਰ ਦੇਹ ਲਈ ਹਰਿਦਯਾਲ ਕਹੇ॥੫॥**

ਜਿਸ ਕਾ ਸਰਬੰਧੀਆਂ ਨਾਲ ਵਿਰੋਧ ਹੋਵੇ, ਜਿਸਦੀ ਦੇਹ ਭੀ ਰੋਗ ਵਾਲੀ ਹੋਵੇ, ਜਿਸਦੀ ਮੂਰਖ ਪੁਰਸ਼ਾਂ ਨਾਲ ਸੰਗਤ ਹੋਵੇ, ਸਦਾ ਹੀ ਕ੍ਰੋਧ ਸਹਿਤ ਰਹੇ, ਜਿਸ ਦੇ ਬਚਨ ਕੌੜੇ ਖੋਟੇ ਹੋਣ, ਇਹ ਪੰਜ ਲੱਛਣ ਜਿਸ ਵਿਚ ਹਨ, ਕਵੀ ਹਰਦਿਆਲ ਜੀ ਕਹਿੰਦੇ ਹਨ, ਉਸ ਪੁਰਖ ਨੇ ਨਰਕਾਂ ਕੋ ਤਿਆਗ ਕਰ ਮਨੁੱਖ ਜੂਨ ਪਾਈ ਹੈ ਅਤੇ ਫੇਰ ਨਰਕ ਨੂੰ ਹੀ ਜਾਵੇਗਾ॥ ੫॥

**ਦੋਹਰਾ॥ ਇਤਿ ਸ੍ਰੀ ਸਾਰੁਕਤਾਵਲੀ ਤਾਸ਼ ਖਸ਼ਟਮੋ ਧਯਾਇ॥**
**ਚਤਰਾਗਤ ਲਖਨ ਕਹੇ ਕਵਿ ਹਰਿਦਯਾਲ ਸੁਭਾਇ॥੬॥**

ਇਤਿ ਸ੍ਰੀ ਸਾਰੁਕਤਾਵਲੀ ਜਿਸ ਕੇ ਛੇਵੇਂ ਅਧਿਆਇ ਵਿਚ ਚਾਰ ਪ੍ਰਕਾਰ ਕੇ ਲੱਛਣ ਕਹੇ ਹਨ॥ ੬॥

## ਅਥ ਸਪਤਮੋ ਅਧਿਆਇ

**ਦੋਹਰਾ॥ ਵਾਕ ਨਿਰੂਪਣ ਅਬ ਕਰੇਂ ਸਪਤਮ ਧਿਆਇ॥**

ਬਾਣੀ ਦੇ ਬਚਨ ਬਿਲਾਸ ਕਰਦੇ ਹਾਂ ਹੁਣ ਸਤਵੇਂ ਅਧਿਆਇ ਵਿਚ।

**ਛੰਦ ਰੁਦ੍ਰ ਮਤਿ ਛੁਦ੍ਰ ਕੋ ਕਰਤ ਸਮੁੰਦ੍ਰ ਪ੍ਰਕਾਰ॥**

ਯਾਰਾਂ ਛੰਦ ਹਨ ਜੋ ਬੁੱਧੀ ਨੂੰ ਸੂਛ ਕਰਦੇ ਹਨ, ਸਮੁੰਦਰ ਸਮਾਨ ਬੜੇ ਗੁਣਾਂ ਵਾਲੇ ਵਾ ਬੇਸ਼ੁਮਾਰ ਗੁਣਾਂ ਵਾਲੇ।

**ਮੰਤ੍ਰ ਮਿਤ੍ਰ ਤਪ ਦਾਨ ਜਪ ਬਾਂਧਵਾਦਿ ਜੇ ਆਹਿ॥**
**ਜੇ ਨਰ ਪੀੜਤ ਕਾਲ ਕਰ ਕੋ ਰੱਖਯਕ ਨਹਿ ਤਾਹਿ॥ ੧॥**

ਇਸ ਕਾਲ ਤੋਂ ਕੋਈ ਬਚ ਨਹੀਂ ਸਕਦਾ। ਮੰਤਰ ਸਭ ਤਰ੍ਹਾਂ ਦੇ ਜਾਣਦਾ ਹੋਵੇ. ਮਿੱਤਰ ਹੋਣ, ਜਪੀ ਤਪੀ ਹੋਵੇ, ਦਾਨੀ ਹੋਵੇ, ਸਰਬੰਧੀ ਬਹੁਤ ਹੋਣ, ਜਿਸ ਵਕਤ ਕਾਲ ਇਸ ਕੀ ਜਾਨ ਨਿਕਾਲਤਾ ਹੈ ਉਸ ਸਮੇਂ ਜੀਵ ਦੀ ਕੋਈ ਨਹੀਂ ਰੱਖਿਆ ਕਰਦਾ॥ ੧॥

**ਸੁਖ ਕਰ ਬੰਧਤ ਕਰਮ ਮਹਿ ਤਿੰਹ ਦੁਸਤਰ ਫਲ ਹੋਇ॥**

ਕਰਮ ਸੁਖ ਕੇ ਵਾਸਤੇ ਇਹ ਜੀਵ ਕਰਤਾ ਹੈ, ਉਸ ਕਰਮ ਦਾ ਫਲ ਖੋਟਾ ਹੁੰਦਾ ਹੈ ਭਾਵ ਉਸ ਨੂੰ ਕਰਮਾਂ ਦੇ ਅਨੁਸਾਰ ਦੁੱਖ ਮਿਲਦਾ ਹੈ।

**ਹਸਤੀ ਧਾਰੇ ਗਰਭ ਕੋ ਤਜਤ ਰੁਦੰਤੀ ਸੋਇ॥ ੨॥**

ਜਿਸ ਤਰ੍ਹਾਂ ਇਸਤਰੀ ਹੱਸਦੀ ਗਰਭ ਨੂੰ ਧਾਰਨ ਕਰਦੀ ਹੈ। ਬੱਚੇ ਦੇ ਜਨਮ ਸਮੇਂ ਪੀੜਾ ਕਰਕੇ ਰੋਂਦੀ ਹੈ॥ ੨॥

**ਜੀਵ ਕਰਮ ਆਪੇ ਕਰੈ ਆਪੇ ਤਿਹ ਫਲ ਭੁਕਤ॥**

ਜਿਸ ਤਰ੍ਹਾਂ ਜੀਵ ਆਪੇ ਚੰਗੇ ਮੰਦੇ ਕਰਮ ਕਰਦਾ ਹੈ ਉਸ ਦਾ ਫਲ ਆਪ ਹੀ ਭੋਗਦਾ ਹੈ। ਭਾਵ ਚੰਗੇ ਕਰਮ ਤਾਂ ਸੂਰਗ ਵਿਚ ਜਾਂਦਾ ਹੈ, ਜੇ ਉਹ ਪਾਪ ਕਰਦਾ ਹੈ ਤਾਂ ਨਰਕ ਵਿਚ ਜਾਂਦਾ ਹੈ।

**ਆਪ ਰਮਤ ਸੰਸਾਰ ਮਹਿ ਆਪੇ ਤਿਹ ਤੇ ਮੁਕਤਿ॥ ੩॥**

ਆਪਣੀ ਇੱਛਾ ਕਰਕੇ ਆਪ ਹੀ ਸੰਸਾਰ ਵਿਚ ਆਉਂਦਾ ਹੈ, ਅਤੇ ਆਪ ਹੀ ਪ੍ਰਮੇਸ਼ਰ ਦਾ ਭਜਨ ਕਰਕੇ ਮੁਕਤ ਹੋ ਜਾਂਦਾ ਹੈ॥ ੩॥

**ਦੁਖ ਮੈਂ ਮਿਥਯਾ ਭਾਵਨਾ ਸੁਖਦ ਭਾਵਨਾ ਸੱਤ॥**

ਜਿਸ ਵਕਤ ਜੀਵ ਨੂੰ ਦੁੱਖ ਆ ਬਣਦਾ ਹੈ. ਤਾਂ ਕਹਿੰਦਾ ਹੈ।

**ਗਜ਼ਾਨ ਭਾਵਨਾ ਕਰਮ ਕਰ ਨਿਸਚੈ ਸਕਲ ਨ ਸੱਤ।। ੪।।**

ਕਿ ਸਾਰਾ ਜੱਗ ਝੂਠਾ ਹੈ, ਜੋ ਕਿ ਧਨ ਪੁੱਤਰ ਆਦਿਕ ਸਹਿਤ ਸੁਖੀ ਹੋਵੇ ਤਾਂ ਕਹਿਤਾ ਹੈ ਜਗਤ ਸਤ ਹੈ, ਗਿਆਨ ਭਾਵਨਾ ਕਰਕੇ ਕਰਮ ਜੀਵ ਕਰਦਾ ਹੈ, ਪ੍ਰੰਤੂ ਨਿਸਚੇ ਕਰਕੇ ਸਤ ਨਹੀਂ।। ੪।।

**ਸਭ ਗੁਣ ਅਵਸਰ ਕੇ ਪੜੇ ਸੋਭਾਵੰਤ ਮਨਾਕ।।**

ਸਾਰੇ ਗੁਣ ਸਮੇਂ ਸਿਰ ਦੇ ਪੜ੍ਹੇ ਹੋਏ ਭਾਵ ਵਿੱਦਿਆ ਆਦਿਕ ਛੋਟੀ ਅਵਸਥਾ ਦੀ ਪੜ੍ਹੀ ਹੋਈ ਸਰੇਸ਼ਟ ਹੈ, ਬਹੁਤ ਫਲ ਦੇਂਦੀ ਹੈ।

**ਗਮਨ ਕਾਲ ਬਮਾਂਗ ਜਯੋਂ ਮੰਗਲ ਗਰਧਪ ਵਾਕ।। ੫।।**

ਜੈਸੇ ਕਿਸੇ ਕੰਮ ਜਾਣ ਵੇਲੇ ਖੱਬੇ ਪਾਸੇ ਗਧਾ ਬੋਲੇ ਤਾਂ ਬਹੁਤ ਸ਼ੁਭ ਹੈ।। ੫।।

*ਸਵੈਯਾ।।*

**ਜਬ ਭਾਨੁ ਉਦੈ ਦਿਸ ਪਸਚਮ ਹੈ ਪੁਨ ਮੋਰੁ ਚਲੈ ਅਤਿਸੈ ਜਬਹੀ।।**

ਭਾਵੇਂ ਸੂਰਜ ਪੱਛਮ ਸੇ ਚੜ੍ਹੇ, ਸਮੇਰ ਪਰਬਤ ਹਿੱਲ ਪੜੇ।

**ਗਿਰਿ ਸ੍ਰਿੰਗ ਸਿਲਾ ਜਬ ਹੈ ਪਦਮਾ ਅਗਨੀ ਅਤਿ ਸੀਤਲ ਹੈ ਕਬਹੀ।।**

ਪਹਾੜ ਦੀ ਚੋਟੀ ਦੀ ਸਿਲ ਉਪਰ ਕੌਲ ਪੈਦਾ ਹੋਵੇ ਤਾਂ ਅਗਨੀ ਠੰਢੀ ਹੋ ਜਾਵੇ।

**ਸਭਕੇ ਅਤਿ ਸਾਜਨ ਸੰਤ ਜਨਾ ਵਹਿ ਝੂਠ ਗਿਰਾ ਨ ਕਹੈਂ ਕਬਹੀ।**

ਇਹ ਬਾਤਾਂ ਹੋ ਜਾਣ ਤੇ ਜੋ ਸਭ ਕੇ ਹਿਤੂ ਸੰਤ ਹੈਂ ਝੂਠ ਬਾਣੀ ਕਦੇ ਨਹੀਂ ਕਹਿੰਦੇ।

**ਭਜ ਭ੍ਰਾਂਤ ਰਿਦੈ ਧਰ ਸੰਤ ਗਿਰਾ ਸੁ ਸਮਾਂ ਅਬਹੀ ਅਬਹੀ ਅਬਹੀ।। ੬।।**

ਮਨ ਦੇ ਭਰਮ ਕੋ ਛੋਡ ਕੇ ਸੰਤਾਂ ਦੇ ਬਚਨ ਕੋ ਧਾਰਨ ਕਰੋ ਜੋ ਸਮਾਂ ਏਹੀ ਹੈ।

*ਤੋਟਕ ਛੰਦ॥*

**ਬੁਧਿ ਕੋ ਫਲ ਸਾਰ ਬਿਚਾਰ ਰਹੈ॥ ਤਨ ਕੋ ਫਲ ਸਾਰ ਬ੍ਰਤਾਦਿ ਗਹੈ॥**

ਬੁੱਧੀ ਦਾ ਫਲ ਹੈ ਸੋਚ ਕੇ ਵੀਚਾਰ ਕੇ ਬੋਲੇ। ਸਰੀਰ ਦਾ ਫਲ ਇਹ ਹੈ ਕਿ ਉਹ ਵਰਤ ਰੱਖੇ॥ ੧॥

**ਧਨ ਕੋ ਫਲ ਸਾਰ ਸੁਪਾਤ੍ਰ ਦਿਜੈ॥**
**ਫਲ ਸਾਰ ਗਿਰਾ ਸਬ ਪ੍ਰੀਤ ਕਿਜੈ॥ ੭॥**

ਧਨ ਦਾ ਕੀ ਫਲ ਹੈ ਮਹਾਤਮਾ ਪੁਰਸ਼ ਕੋ ਦਾਨ ਦੇਵੇ। ਬਾਣੀ ਦਾ ਫਲ ਹੈ ਸਭ ਨਾਲ ਪ੍ਰੀਤੀ ਰੱਖੇ॥ ੭॥

**ਦੋਹਰਾ॥ ਜੋ ਆਨਨ ਹੈ ਸ਼ਾਸਤ੍ਰ ਬਿਨ ਬਿਨੁ ਤੰਬੂਲ ਜੋ ਆਸ॥**

ਜੇਹੜਾ ਮੁੱਖ ਸ਼ਾਸਤਰ ਪੜ੍ਹੇ ਤੋਂ ਬਿਨਾਂ, ਪਾਨ ਖਾਧੇ ਤੋਂ ਬਿਨਾਂ।

**ਸੁਭ ਬਾਨੀ ਬਿਨੁ ਬਦਨ ਜੋ ਮੁਖ ਨਰੰਧ੍ਰ ਲਖ ਤਾਸ॥ ੮॥**

ਤੇ ਸਭ ਬਾਣੀ ਬੋਲੇ ਬਿਨਾਂ ਜੋ ਮੁੱਖ ਹੱਸੇ ਵੋਹ ਤੈਸੇ ਹੀ ਜੈਸੇ ਧਰਤੀ ਵਿਚ ਸੱਪਾਂ ਦੀ ਖੁੱਡ ਹੈ॥ ੮॥

*ਸਵੈਯਾ॥*

**ਜੋ ਨਰ ਹੈ ਸਮਰਥ ਤਿਸੈ ਪ੍ਰਥ ਕਾਮ ਨਹੀ ਕੋਊ ਯਾ ਜਗ ਮਾਹੀ॥**

ਜੋ ਪੁਰਸ਼ ਕਾਰਜ ਮੇਂ ਸਮਰੱਥ ਹੈ, ਤਿਸਕੋ ਕੋਈ ਕੰਮ ਜਗਤ ਵਿਖੇ ਕਠਿਨ ਨਹੀਂ।

**ਮਾਨੁਖ ਉਦਮ ਵੰਤ ਜੁ ਹੈ ਤਿਨਕੇ ਕਛੁ ਦੂਰਿ ਅਹੇ ਜਗ ਨਾਹੀ॥**

ਜੋ ਪੁਰਸ਼ ਉੱਦਮੀ ਹੈ ਤਿਸ ਕੋ ਕੋਈ ਦੇਸ਼ ਦੂਰ ਨਹੀਂ।

**ਜੋ ਗੁਣ ਮਾਨ ਪ੍ਰਮਾਨ ਅਹੇ ਪਰਦੇਸ ਤਿਸੈ ਕਛੁ ਨਾ ਦਰਸਾਹੀ॥**

ਜੋ ਪੁਰਖ ਗੁਣੀ ਹੈ, ਤਿਸਕੋ ਦੇਸ਼ ਪ੍ਰਦੇਸ ਇਕ ਸਮਾਨ ਹੈ।

**ਜੋ ਮਧੁਰੇ ਸੁਭ ਵਾਕ ਭਨੇ ਸਭ ਮੀਤ ਤਿਸੈ ਜਨ ਕੋ ਨ ਦੁਖਾਹੀ॥ ੯॥**

ਜੋ ਪੁਰਸ਼ ਮਿੱਠੇ ਔਰ ਸ਼ੁਭ ਬਚਨ ਬੋਲਦਾ ਹੈ, ਉਸ ਕੇ ਸਭ ਮਿੱਤਰ ਹੈਂ, ਕੋਈ ਉਸ ਕੋ ਦੁੱਖ ਨਹੀਂ ਦੇਂਦਾ।। ੯।।

**ਦੋਹਰਾ।। ਪ੍ਰਿਯ ਬਚਨਨ ਕੋ ਬੋਲਤੇ ਹੋਤ ਪ੍ਰਮੋਦ ਤ੍ਰਿਭੌਨ।।**

ਪਿਆਰੇ ਬਚਨ ਬੋਲਣ ਨਾਲ ਤਿੰਨਾਂ ਲੋਕਾਂ ਨੂੰ ਆਨੰਦ ਹੁੰਦਾ ਹੈ।

**ਤਾਂਤੇ ਪ੍ਰਿਯ ਬਾਨੀ ਭਯੋ ਯਾਮੈਂ ਕ੍ਰਿਪਣਤਾ ਕੌਨ।। ੧੦।।**

ਇਸ ਲਈ ਹੇ ਸੱਜਣ ਪਿਆਰੇ! ਸਭ ਨੂੰ ਮਿੱਠੇ ਬਚਨ ਬੋਲ।। ੧੦।।

**ਚੌਪਈ।।**

**ਸਤ ਬਚਨ ਅਰ ਪਯਾਰੋ ਜੋਈ। ਬੁੱਧਿਮਾਨ ਜਨ ਭਾਖੇ ਸੋਈ।।**

**ਪ੍ਰਿਯ ਨ ਹੁਵੈ ਪੁਨਿ ਵਾਕ ਸੱਤ ਹੈ। ਕਹੈ ਨਾਹਿ ਸੋ ਸ਼ਬਦ ਮੱਤਿ ਹੈ।।**

ਬਾਤ ਸੱਚੀ ਭੀ ਹੋਵੇ, ਪਿਆਰ ਹੋਵੇ, ਐਸਾ ਬਚਨ ਕਰਨ ਵਾਲਾ ਬੁੱਧੀਵਾਨ ਹੈ, ਪਿਆਰੀ ਨਾ ਹੋਵੇ ਉਹ ਬਚਨ ਨਾ ਕਹੇ, ਉਹ ਪੁਰਸ਼ ਬੁੱਧਵਾਨ ਹੈ।

**ਲਾਗੇ ਮਧੁਰ ਝੂਠ ਹੈ ਵਾਕੋ। ਨਾਹਿ ਕਹੂੰ ਪ੍ਰਤਿ ਭਾਖੇ ਤਾਂਕੋ।।**

ਬਾਤ ਲੱਗੇ ਮਿੱਠੀ ਪਰ ਨਤੀਜਾ ਉਹਦਾ ਝੂਠਾ, ਉਹ ਬਾਤ ਨਾ ਕਰੇ। ਉਹ ਐਸੇ ਬਚਨ ਨੂੰ ਸੰਤ ਜਨ ਕਦੀ ਕਿਸੇ ਤਾਈਂ ਨਹੀਂ ਕਹਿੰਦੇ।

**ਏਹ ਸਨਾਤਨ ਧਰਮ ਸੰਤਨ ਕੋ।। ਇਨ ਅਨੁਗਾਮੀ ਯੋਗ ਜਤਨ ਕੋ।। ੧੧।।**

ਇਹ ਪੁਰਾਤਨ ਧਰਮ ਹਨ ਸੰਤਾਂ ਦੇ। ਸੰਤਾਂ ਦੇ ਅਨੁਸਾਰ ਜਗਤ ਨੂੰ ਚੱਲਣਾ ਚਾਹੀਦਾ ਏ।। ੧੧।।

**ਦੋਹਰਾ।। ਦੋ ਸਤ ਚੌ ਇਕ ਤੋਟਕਿਕ ਉਭੈ ਸਵੱਯੇ ਜਾਨ।**

ਸੱਤ ਦੋਹਰੇ ਹਨ, ਇਕ ਚੌਪਈ, ਇਕ ਤੋਟਕ ਛੰਦ, ਦੋ ਸਵੱਯੇ ਹਨ।

**ਬ੍ਰਿਤ ਇਕਾਦਸ਼ ਬ੍ਰਿਤ ਕੀ ਮੈਲ ਨ ਬ੍ਰਿਤ ਨਿਦਾਨ।। ੧੨।।**

ਯਾਰਾਂ ਛੰਦ, ਯਾਰਾਂ ਬ੍ਰਿਤਿ, ਅਕਲ ਦੀ ਮੈਲ ਨਾਸ ਨਾ ਕਰਨ ਦਾ

(ਨਿਦਾਨ) ਸ਼ਬਦ ਹਨ॥ ੧੨॥

**ਇਤਿ ਸ੍ਰੀ ਸਾਰੁਕਤਾਵਲੀ ਤਾਸ ਖਸ਼ਟ ਅਧਯਾਇ॥**
**ਤਾਂ ਮੈਂ ਵਾਕ ਨਿਰੂਤਯੋ ਕਵਿ ਹਰਿਦਯਾਲ ਸੁਭਾਇ॥ ੭॥**

ਸਤਵਾਂ ਅਧਿਆਇ ਸਾਰੁਕਤਾਵਲੀ ਦਾ ਸਮਾਪਤ ਕੀਤਾ, ਤਿਸ ਦੇ ਵਿਚ ਕਵਿਤਾ ਦਾ ਵਰਣਨ ਕੀਤਾ ਹੈ ਕਵੀ ਨੇ॥ ੭॥

# ਅਥ ਅੱਠਵਾਂ ਅਧਿਆਇ

**ਦੋਹਰਾ॥ ਉੱਦਮ ਵਰਨੋ ਅਸਟ ਮੇਂ ਦ੍ਵਾਦਸ ਛੰਦ ਸਰੋਜ॥**
**ਜਾਕੋ ਮਨ ਅਲਿ ਲੇਤ ਰਸ ਤਾਂਕੇ ਸਿਧ ਮਨੋਜ॥**

ਅੱਠਵੇਂ ਅਧਿਆਇ ਵਿਚ ਉੱਦਮ ਦਾ ਵਰਣਨ ਕਰਾਂਗੇ, ਜਿਸ ਕੇ ਬਾਰਾਂ ਛੰਦ ਹਨ ਕੌਲ ਸਮਾਨ, ਜਿਸ ਕਾ ਮਨ ਰੂਪੀ ਭੌਰ ਹੋ ਕੇ ਰਸ ਲੇਤਾ ਹੈ ਉਸ ਕੇ ਕਾਰਜ ਸਿੱਧ ਹੋਤੇ ਹੈਂ।

**ਉੱਦਮ ਕਰਕੈ ਸ੍ਰੀ ਮਿਲੈ ਕੀਰਤਿ ਤਯਾਗੈ ਹੋਤ॥**

ਉੱਦਮ ਕਰਨ ਨਾਲ ਧਨ ਦੌਲਤ ਮਿਲਦੀ ਹੈ ਅਤੇ ਧਨ ਨੂੰ ਦਾਨ ਕਰਨ ਨਾਲ ਜੱਸ ਹੁੰਦਾ ਹੈ।

**ਬੁੱਧਿ ਕਰਮ ਅਨੁਸਾਰ ਹੈ ਵਿਦਿਆ ਭ੍ਯਾਸ ਉਦੋਤ॥ ੧॥**

ਬੁੱਧ ਕਰਮਾਂ ਦੇ ਅਨੁਸਾਰ ਹੈ ਭਾਵ ਜਿਸ ਤਰ੍ਹਾਂ ਕਰਮ ਕਰੇ ਤੈਸੀ ਹੀ ਬੁੱਧੀ ਹੁੰਦੀ ਹੈ ਅਤੇ ਵਿੱਦਿਆ ਜਿਤਨੀ ਪੜ੍ਹਦਾ ਰਹੇ ਉਤਨੀ ਹੀ ਯਾਦ ਰਹਿੰਦੀ ਹੈ॥ ੧॥

**ਉਦਮ ਕੰਡੂ ਕਲੈ ਮਦ ਮੂਆ ਪ੍ਰੀਤਿ ਅਹਾਰ॥**

ਉੱਦਮ, ਖੁਰਕ, ਲੜਾਈ, ਸ਼ਰਾਬ, ਜੂਆ ਖੇਡਣਾ, ਪਿਆਰ ਭੋਜਨ ਖਾਣਾ।

**ਭੋਗ ਨੀਂਦ ਨਵ ਸੇਵਤੇ ਵਧੈ ਪ੍ਰਲੈ ਜਯੋਂ ਵਾਰ॥ ੨॥**

ਵਿਸ਼ਾ ਭੋਗਣਾ ਸੌਣਾ ਇਹ ਜੋ ਨੌਂ ਹਨ, ਜਿੰਨੇ ਵਧਾਈਏ ਓਨੇ ਹੀ

ਵਧਦੇ ਹੈਂ ਪਰਲੋ ਕੇ ਜਲ ਸਮਾਨ॥ ੨॥

**ਉੱਦਮ ਉੱਤਮ ਮਿੱਤ੍ਰ ਵਤ ਭਯੋ ਸੁ ਸੱਤ੍ਰ ਸਮਾਨ॥**

ਉੱਦਮ ਜੋ ਹੈ ਸੋ ਉੱਤਮ ਮਿੱਤਰ ਸਮਾਨ ਹੈ, ਜੋ ਉੱਦਮ ਚੋਰੀ ਕਰਨੇ ਵਿਖੇ ਕਰੀਏ ਸੋ ਉੱਦਮ ਵੈਰੀ ਸਮਾਨ ਹੋ ਕੇ ਕੈਦ ਕਰਾਤਾ ਹੈ।

**ਆਲਸ ਸ਼ਤਰੂ ਮਿਤ੍ਰ ਜਿਉਂ ਉਭੈ ਵਿਤਰਜੈ ਗਜਾਨ॥ ੩॥**

ਆਲਸ ਵੈਰੀ ਦੇ ਸਮਾਨ ਹੈ, ਜੋ ਉਸ ਚੋਰੀ ਕਰਨ ਤੋਂ ਆਲਸ ਕਰੇ ਤਾਂ ਆਲਸ ਬਚਾਂਦਾ ਹੈ॥ ੩॥

**ਵਿਦਿਆ ਸੇਵ ਵਪਾਰ ਕ੍ਰਿਖ ਇਨ ਕਰ ਜਿਹ ਬ੍ਰਿਤ ਹੋਇ॥**

ਵਿੱਦਿਆ ਪੜ੍ਹਨਾ ਸੰਤਾਂ ਦੀ ਸੇਵਾ ਮੇਂ, ਵਣਜ ਮੇਂ, ਖੇਤੀ ਬਾੜੀ ਮੇਂ, ਇਹਨਾਂ ਚੌਂਹ ਕਰਕੇ ਜੋ ਨਿਹਬਾਹ ਕਰਤਾ ਹੈ ਜਲਦੀ ਕਰੇ।

**ਕ੍ਰਿਸ਼ਨ ਸਰਪ ਕੇ ਡੰਗ ਜਯੋਂ ਕਰਨ ਯੋਗ ਦ੍ਰਿੜ ਸੋਇ॥ ੪॥**

ਜਿਸ ਤਰ੍ਹਾਂ ਕਾਲਾ ਸੱਪ ਲੜ ਜਾਵੇ ਤਾਂ ਜਲਦੀ ਦਵਾਈ ਕਰਦੇ ਹੈਂ, ਜਲਦੀ ਦਵਾਈ ਨਾ ਕਰੇ ਤਾਂ ਮਰ ਜਾਂਦਾ ਹੈ॥ ੪॥

**ਸੋਰਠਾ॥ ਅਭਜਾਗਤ ਖੀਰਾਦਿ ਖੇਤੀ ਕਰ ਦਾਰਿਦ੍ਰ ਕੋ॥**

ਸਾਧੂ ਬ੍ਰਾਹਮਣ ਜੋ ਹੈ ਖੀਰ ਪੂਰੀਆਂ ਕਰਕੇ ਪ੍ਰਸੰਨ ਹੋਤਾ ਹੈ, ਖੇਤੀ ਕੇ ਬਹੁਤ ਪੈਦਾ ਹੋਨੇ ਸੇ ਕਿਰਸਾਨ ਖੇਤੀ ਵਾਲਾ ਪ੍ਰਸੰਨ ਹੋਤਾ ਹੈ।

**ਅਬਲਾ ਕੋ ਦਰਬਾਦਿ ਤਥਾ ਸ਼ਾਸਤ੍ਰ ਕਰ ਸਭਾ ਜਿਤ॥ ੫॥**

ਇਸਤਰੀ ਜੋ ਹੈ ਧਨ ਆਦਿ ਗਹਿਣੇ ਕਰਕੇ ਪ੍ਰਸੰਨ ਹੋਤੀ ਹੈ, ਤੈਸੇ ਹੀ ਸ਼ਾਸਤਰ ਕਰਕੇ ਸਭਾ ਕੋ ਜੀਤਤੇ ਹੈਂ॥ ੫॥

**ਜਾਗ੍ਰਤ ਹਤ ਹੈ ਤ੍ਰਾਸ ਦੁਰਭਿਖ ਨਾਸੈ ਸਸੀ ਕਰ॥**

ਜੈਸੇ ਸੁਪਨੇ ਕਾ ਭੈ ਜਾਗਨੇ ਸੇ ਨਾਸ਼ ਹੋ ਜਾਂਦਾ ਹੈ, ਅੰਨ ਆਦਿਕ ਬਹੁਤ ਹੋਣ ਕਰਕੇ ਕਾਲ ਦੂਰ ਹੋ ਜਾਂਦਾ ਹੈ।

**ਕਲੈ ਮੌਨ ਕਰ ਨਾਸ ਤਥਾ ਜਾਪ ਕਰ ਪਾਪ ਹਤ॥ ੬॥**

ਚੁੱਪ ਕਰਨੇ ਸੇ ਲੜਾਈ ਦੂਰ ਹੋ ਜਾਤੀ ਹੈ, ਤਾਂ ਹੀ ਤੇ ਭਗਤੀ ਕਰਕੇ ਪਾਪ ਦੂਰ ਹੋ ਜਾਂਦੇ ਹਨ॥ ੬॥

**ਦੋਹਰਾ॥ ਦੈਵ ਚਿਤਵਨੀ ਧਾਰ ਕਰ ਉੱਦਮ ਤਜਾਗੈ ਨਾਹਿ॥**

ਉਹ ਪਰਮੇਸ਼ਰ ਕੀ ਇੱਛਾ ਕਰਕੇ ਉੱਦਮ ਨਾ ਛੱਡੇ। ਉੱਦਮ ਕਰੇ।

**ਬਿਨ ਉੱਦਮ ਕਹਾ ਕੌਨ ਕੋ ਮਿਲੈ ਤੇਲ ਤਿਲ ਮਾਹਿ॥ ੭॥**

ਦ੍ਰਿਸ਼ਟਾਂਤ— ਸਭ ਜਾਨਤੇ ਹੈਂ ਤੇਲ ਤਿਲਾਂ ਮੇਂ ਹੈ, ਪਰ ਬਿਨਾਂ ਕੋਹਲੂ ਕੇ ਪੀਸੇ ਤੇ ਤੇਲ ਨਹੀਂ ਮਿਲਦਾ॥ ੭॥

**ਪ੍ਰਥਮੈ ਕਰਮ ਵਿਆਪ ਕੋ ਸਿਮਰੋ ਸੋਤ ਪ੍ਰਮੋਦ॥**

ਜੋ ਕਰਮ ਕਰਨ ਲੱਗੇ ਉਸ ਦਾ ਫਲ ਪਹਿਲੇ ਵਿਚਾਰ ਲਵੋ, ਤਾਂ ਤੇ ਅਨੰਦ ਹੋਤਾ ਹੈ, ਚੋਰੀ ਕਰਨੇ ਤੇ ਦੁੱਖ ਮਿਲੇਗਾ, ਭਗਤੀ ਕਰਨੇ ਸੇ ਮੁਕਤੀ ਮਿਲੇਗੀ।

**ਜਰਤ ਧਾਮ ਕੇ ਸ਼ਾਂਤਿ ਹਿਤ ਆਦਿ ਕੂਪ ਸੁਭ ਖੋਦ॥ ੮॥**

ਜੈਸੇ ਕਿਸੇ ਦੇ ਘਰ ਅੱਗ ਲੱਗ ਜਾਵੇ, ਉਸ ਦੇ ਬੁਝਾਉਣ ਲਈ ਜੋ ਪਹਿਲੇ ਖੂਹਾ ਹੈ, ਉਹ ਪਾਣੀ ਦੇਵੇਗਾ। ਤਿਸ ਸਮੇਂ ਨਹੀਂ ਖੋਦਿਆ ਜਾਏਗਾ, ਤੈਸੇ ਹੀ ਪਹਿਲੇ ਕਾਰਜ ਕੇ ਫਲ ਕੋ ਵਿਚਾਰੋ॥ ੮॥

*ਸਵੈਯਾ॥*

**ਸਭ ਹੀ ਕਰਮਾਂ ਕੇ ਅਰੰਭ ਵਿਖੇ ਬੁਧਿਮਾਨ ਸਦਾ ਫਲ ਕੋ ਸਿਮਰੋ॥**

ਜੋ ਕੰਮ ਕਰਨ ਲੱਗੇ ਬੁੱਧੀਵਾਨ ਉਸ ਦੇ ਫਲ ਨੂੰ ਵਿਚਾਰੇ, ਕਾਰਜ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਵਿਚਾਰੇ।

**ਅਤੇ ਪ੍ਰਾਰੰਭ ਧਾਂਤ ਕਰੇ ਗਮਨੰ ਜਿਨ ਕੋ ਫਲ ਕਰੂਰ ਸੁ ਦੂਰ ਹਰੇ॥**

ਜਿਸ ਕਾ ਫਲ ਭਿਆਨਕ ਹੋਵੇ ਉਹਨੂੰ ਨਾ ਕਰੇ, ਜਿਸ ਕੰਮ ਦਾ ਫਲ ਸਰੇਸ਼ਟ ਹੋਵੇ ਉਸ ਨੂੰ ਕਰੇ।

**ਜਿਹ ਕਾਰਜ ਕੋ ਫਲ ਚਾਰੁ ਲਖੈ ਵਹਿ ਧਾਰ ਰਿਦੈ ਤਿਨ ਮੇਂ ਵਿਚਰੇ॥**

ਜਿਸ ਕੰਮ ਦਾ ਫਲ ਸੁੰਦਰ ਦੇਖੇ ਉਸ ਨੂੰ ਦ੍ਰਿੜ੍ਹ ਕਰਕੇ ਰਿਦੇ ਵਿਚ ਬੇਸ਼ੱਕ ਕਰੇ।

**ਸਭ ਕਾਜ ਕੇ ਆਦ ਵਿਚਾਰ ਭਲੋ ਪੁਰਖੋਤਮ ਲੱਖਣ ਏ ਉਚਰੇ॥ ੯॥**

ਸਭ ਕਾਰਜ ਦੇ ਕਰਨ ਵਿਖੇ ਪਹਿਲੋਂ ਸੋਚ ਲੈਣਾ ਭਲਾ ਹੈ, ਏਹ ਸਰੇਸ਼ਟ ਪੁਰਸ਼ਾਂ ਦੇ ਲੱਛਣ ਹਨ॥ ੯॥

**ਧਨ ਆਪ ਨਿਮਿੱਤ ਕਰੇਂ ਜਨ ਜੋ ਨਿਜ ਬ੍ਰਿਤ ਨਮਿਤਹਿ ਉੱਤਮ ਤੇਈ॥**
**ਸਵਿਤਾ ਬਿਤ ਸੋ ਜੋ ਕਰੇ ਬ੍ਰਿਤਿ ਆਪਨ ਮਧਮ ਮਾਨੁਖ ਯਾ ਜਗ ਸੇਈ॥**
**ਪੁਨ ਆਪਨ ਜੀਵਕਾ ਜੋ ਕਰ ਹੈ ਜਨਨੀ ਧਨ ਕੋ ਅਧਮੋਂ ਲਖ ਵੇਈ॥**
**ਭਵ ਮੈਂ ਅਧਮਾਧਮ ਤੇ ਨਰ ਹੈਂ ਧਨ ਯੋਖਤ ਸੋ ਤਨ ਪੋਖਤ ਜੇਈ॥ ੧੦॥**

ਜੋ ਪੁਰਸ਼ ਆਪਣੇ ਨਿਰਬਾਹ ਵਾਸਤੇ ਧਨ ਕੋ ਕਮਾਤਾ ਹੈ, ਉਹ ਪੁਰਸ਼ ਉੱਤਮ ਹੈ। ਜੋ ਪਿਤਾ ਕੀ ਕਮਾਈ ਖਾਤਾ ਹੈ, ਉਹ ਮੱਧਮ ਹੈ, ਪੁਨਾ ਜੋ ਪੁਰਸ਼ ਮਾਤਾ ਕੀ ਕਮਾਈ ਖਾਤਾ ਹੈ ਉਹ ਨੀਚ ਹੈ। ਸੰਸਾਰ ਦੇ ਵਿਚ ਉਹ ਪੁਰਸ਼ ਨੀਚ ਤੋਂ ਭੀ ਨੀਚ ਹੈ ਜੋ ਇਸਤਰੀ ਦੀ ਕਮਾਈ ਖਾਂਦਾ ਹੈ॥ ੧੦॥

**ਨਰਾਜ ਛੰਦ॥ ਤ੍ਰਿਕਾਲ ਦੂਵ ਦੁਖ ਮਯ ਉਪਾਇ ਰੱਖ ਅੰਤ ਮੈਂ॥**

ਮਾਇਆ ਤਿੰਨਾਂ ਕਾਲਾਂ ਵਿਚ ਦੁੱਖ ਦੇਂਦੀ ਹੈ, ਏਕ ਖਟਨ ਮੇਂ, ਦੂਜਾ ਜਦ ਹੋਵੇ ਰਾਖੀ ਕਰਨ ਸੇ ਨੀਂਦ ਨਹੀਂ ਆਉਂਦੀ, ਜੇਕਰ ਕੋਈ ਚੋਰ ਆਦਿਕ ਲੈ ਜਾਵੇ, ਤਾਂ ਪ੍ਰਾਣਾਂ ਨੂੰ ਭੀ ਸਾਥ ਹੀ ਲੈ ਜਾਂਦੀ ਹੈ।

**ਨਿਦਾਨ ਹੈ ਵਿਰੋਧ ਕੋ ਸੁ ਮਾਤ ਤਾਤ ਜੰਤੁ ਮੈਂ।**

ਇਹ ਮਾਇਆ ਵਿਰੋਧ ਦਾ ਕਾਰਨ ਹੈ, ਮਾਤਾ ਪਿਤਾ ਔਰ ਜੀਆਂ ਨੂੰ ਯਮ ਦੇ ਘਰ ਪਹੁੰਚਾਂਦੀ ਹੈ।

**ਕ੍ਰਿਤਾਂਤ ਧਾਮ ਕਾਮ ਕੋ ਅਲੰਕ੍ਰਿਤੀ ਸਮਸ਼ਟ ਹੈ।**

ਜੀਵਾਂ ਨੂੰ ਯਮ ਦੇ ਘਰ ਪਹੁੰਚਾਂਦੀ ਹੈ, ਕਾਮ ਦਾ ਭੂਸ਼ਨ ਹੈ।

**ਸੁਭਾ ਸ਼ੁਭੰ ਨਿਕੇਤ ਭੀ ਤਥਾਪਿ ਤਯਾਗਿ ਸ੍ਰੇਸ਼ਟ ਹੈ॥ ੧੧॥**

ਚੰਗਿਆਂ ਮੰਦਿਆਂ ਕਰਮਾਂ ਦਾ ਘਰ ਹੈ, ਤਾਂਤੇ ਫਿਰ ਭੀ ਇਸ ਨੂੰ ਤਿਆਗਣਾ ਹੀ ਅੱਛਾ ਹੈ॥ ੧੧॥

**ਸੋਰਠਾ॥ ਜੋਬਨ ਧਨ ਅਵਿਵੇਕ ਪ੍ਰਭੁਤਾ ਚਾਰੋਂ ਪਰਮ ਰਿਪੁ॥**

ਜੋਬਨ ਅਵਸਥਾ, ਧਨ, ਅਗਯਾਨ ਤਾਈਂ ਇਹ ਚਾਰ ਹੀ ਦੁਸ਼ਮਨ ਹਨ।

**ਦੇਤ ਅਨਰਥ ਇਕੇਕ ਜਹਾਂ ਚਾਰ ਤਹਿੰ ਕਿਆ ਕਥਾ॥ ੧੨॥**

ਏਕ ਏਕ ਹੀ ਦੁੱਖ ਦੇਤੀਆਂ ਹੈਂ, ਜਹਾਂ ਇਹ ਚਾਰ ਹੀ ਇਕੱਠੀਆਂ ਹਨ ਉਸ ਦੀ ਕਿਆ ਕਥਾ ਕਹਿਣੀ॥ ੧੨॥

**ਦੋਹਰਾ॥ ਖਟ ਦੋਹੇ ਤ੍ਰੈ ਸੋਰਠੇ ਉਭੈ ਸਵੱਯੇ ਜਾਨ॥**
**ਇਕ ਨਰਾਜ ਦ੍ਵਾਦਸ ਸਭੈ ਛੰਦਾ ਨੰਦ ਨਿਦਾਨ॥**

ਛੇ ਦੋਹਰੇ, ਤਿੰਨ ਸੋਰਠੇ, ਦੋ ਸਵੈਯੇ, ਇਕ ਨਰਾਜ ਛੰਦ ਅਨੰਦ ਦਾ ਕਾਰਨ ਹੈ।

**ਇਤਿ ਸ੍ਰੀ ਸਾਰੁਕਤਾਵਲੀ ਤਿਹ ਅਸਟਮੋ ਅਧਯਾਇ॥**
**ਤਾਂ ਮੈਂ ਉੱਦਮ ਵਰਨਿਯੋਂ ਕਵਿ ਹਰਿਦਯਾਲ ਬਨਾਇ॥ ੮॥**

ਇਤਿ ਸ੍ਰੀ ਸਾਰੁਕਤਾਵਲੀ ਸਟੀਕ ਅੱਠਵੇਂ ਅਧਿਆਇ ਵਿਖੇ ਉੱਦਮ ਵਰਣਨ ਕੀਤਾ ਹੈ ਕਵੀ ਜੀ ਨੇ॥ ੮॥

## ਅਥ ਨੌਵਾਂ ਅਧਿਆਇ

**ਦੋਹਰਾ॥ ਨੌਮੇ ਕਹੀ ਉਦਾਰਤਾ ਜਾਂਤੇ ਰਿਦੈ ਉਦਾਰ।**

ਹੁਣ ਨੌਵੇਂ ਅਧਿਆਇ ਵਿਚ ਉਦਾਰਤਾ ਕੋ ਕਹਾਂਗੇ ਜਿਸ ਦੇ ਪੜ੍ਹਨ ਨਾਲ ਹਿਰਦਾ ਸਰੇਸ਼ਟ ਹੋਏ।

**ਧਨ ਦੀਐ ਬਿਨ ਦਾਨ ਜੋ ਸਾਤ ਸਲੋਕ ਉਚਾਰ॥**

ਦਾਨ ਤੋਂ ਬਿਨਾਂ ਜੋ ਧਨ ਹੈ ਉਸ ਕੀ ਨਿੰਦਿਆ ਕਰਨਗੇ, ਸੱਤ ਸਲੋਕ ਹਨ ਸਰੇਸ਼ਟ॥

*ਤੋਟਕ ਛੰਦ॥*

**ਸਰਤਾ ਨ ਅਚੈ ਅਪਨੇ ਜਲ ਕੋ॥ ਨ ਕਦਾਪਿ ਭਖੈ ਬ੍ਰਿਖ ਸ੍ਵੈ ਫਲ ਕੋ॥**

ਜਿਸ ਤਰ੍ਹਾਂ ਨਦੀਆਂ ਆਪਣੇ ਜਲ ਨੂੰ ਨਹੀਂ ਪੀਂਦੀਆਂ, ਬ੍ਰਿਖ ਜੋ ਹਨ ਆਪਣੇ ਫਲ ਨੂੰ ਨਹੀਂ ਖਾਂਦੇ।

**ਸਸਿ ਕੋ ਨਹਿ ਅਭ੍ਰ ਕਬੀ ਭਖ ਹੈ॥ ਧਨ ਤਿਉਂ ਪਰਹੇਤ ਬਡੇ ਰਖ ਹੈ॥ ੧॥**

ਖੇਤੀਆਂ ਨੂੰ ਬੱਦਲ ਨਹੀਂ ਖਾਂਦਾ ਭਾਵ ਪੈਲੀਆਂ ਨੂੰ ਬਾਰਸ਼ ਦੁੱਖ ਨਹੀਂ ਦੇਂਦੀ। ਤੈਸੇ ਹੀ ਪਰਉਪਕਾਰ ਵਾਸਤੇ ਸਰੇਸ਼ਟ ਪੁਰਸ਼ ਧਨ ਰੱਖਦੇ ਹਨ॥ ੧॥

**ਦੋਹਰਾ॥ ਧਨ ਕੇ ਭਾਗੀ ਚਾਰ ਹੈਂ ਧਰਮ ਚੋਰ ਨ੍ਰਿਪ ਆਗ॥**

ਧਨ ਦੇ ਹਿੱਸਾ ਲੈਣ ਵਾਲੇ ਚਾਰ ਹੈਂ, ਵੱਡਾ ਧਰਮ, ਚੋਰ, ਰਾਜ, ਅਗਨੀ।

**ਕੋਪੈਂ ਤਾਂ ਪੈ ਭ੍ਰਾਂਤ ਤ੍ਰੈ ਕਰੈਂ ਜਸਟਹਿ ਤਯਾਗ॥ ੨॥**

ਜੋ ਪੁਰਸ਼ ਧਰਮ ਦੇ ਪਾਸੇ ਧਨ ਨਹੀਂ ਖਰਚ ਕਰਦਾ, ਉਸ ਉਪਰ ਰਾਜਾ ਵੀ ਕਰੋਧ ਕਰਕੇ ਡੰਡ ਲਾਤਾ ਹੈ, ਚੋਰ ਲੂਟਤਾ ਹੈ, ਅਗਨੀ ਸਾੜਦੀ ਹੈ॥ ੨॥

*ਦਵੈਯਾ॥*

**ਸਭ ਜਨ ਕਰਤ ਪਦਾਰਥ ਸੰਗ੍ਰਹਿ ਪੁਨ ਤਿਹ ਰੱਖਯਾ ਕਰਤ ਉਪਾਇ॥**

ਸਾਰੇ ਹੀ ਜੀਵ ਧਨ ਨੂੰ ਇਕੱਠਿਆਂ ਕਰਦੇ ਹਨ ਅਤੇ ਫਿਰ ਉਸਦੀ ਰੱਖਿਆ ਭੀ ਕਰਦੇ ਹਨ।

**ਉਤਮ ਰਖਯਾ ਤਯਾਗ ਪਦਾਰਥ ਅਬ ਇਨ ਪਰ ਦ੍ਰਿਸ਼ਟਾਂਤ ਬਤਾਇ॥**

ਅਤੇ ਜੋ ਉੱਤਮ ਹਨ ਉਹ ਪਦਾਰਥ ਦੀ ਰਾਖੀ ਛੱਡ ਦੇਂਦੇ ਹਨ, ਭਾਵ ਦਾਨ-ਪੁੰਨ ਕਰਦੇ ਹਨ, ਛਕਦੇ ਛਕਾਉਂਦੇ ਹਨ। ਇਸ ਉੱਪਰ ਦ੍ਰਿਸ਼ਟਾਂਤ ਕਹਿੰਦੇ ਹਾਂ।

**ਜਯੋਂ ਜਲ ਸਰ ਕੋ ਸੂਕੈ ਸਰ ਮੈਂ ਵਾ ਕ੍ਰਿਮ ਹ੍ਵੈ ਵਾ ਸਵਾਦ ਬਲਾਇ॥**

ਜੈਸੇ ਤਲਾਉ ਕਾ ਜਲ ਤਲਾ ਵਿਚ ਹੀ ਸੁੱਕ ਜਾਤਾ ਹੈ, ਯਾ ਕੀੜੇ ਪੈ ਜਾਂਦੇ ਹਨ. ਯਾ ਉਸ ਵਿਚ ਦੁਰਗੰਧ ਆਉਣ ਲੱਗ ਪੈਂਦੀ ਹੈ।

**ਨਾ ਕ੍ਰਿਮ ਸੁਕੇ ਨਾ ਜਲ ਪਰਵਾਹਿਕ**
**ਸੁਭਗ ਸ੍ਵਾਦ ਤਯੋਂ ਅਰਥ ਸੁਭਾਇ॥ ੩॥**

ਜੋ ਜਲ ਵਗਦਾ ਹੋਵੇ, ਨਾ ਕੀੜੇ ਪੈਂਦੇ ਹਨ, ਨਾ ਸੁੱਕਦਾ ਹੈ, ਨਾ ਦੁਰਗੰਧ ਆਉਂਦੀ ਹੈ, ਬੜਾ ਸਰੇਸ਼ਟ ਰਹਿੰਦਾ ਹੈ, ਤੈਸੇ ਧਨ ਦਾ ਦਾਨ ਦੇਨੇ ਤੇ ਚੋਰੀ ਝਗੜੇ ਆਦਿ ਕਾ ਭੈ ਭੀ ਨਹੀਂ ਰਹਿੰਦਾ॥ ੩॥

**ਦੋਹਰਾ॥ ਧਨ ਸੰਗ੍ਰਹਿ ਤੇ ਦਾਨ ਧਨ ਸੌ ਗੁਨ ਅਧਿਕ ਪਛਾਨ।**

ਧਨ ਦੇ ਇਕੱਠਾ ਕਰਨ ਨਾਲੋਂ ਦਾਨ ਕਰਨਾ, ਉਹ ਸੌ ਗੁਣਾਂ ਸਰੇਸ਼ਟ ਹੈ।

**ਬਿਨਾਂ ਦਾਨ ਜੋ ਦਰਬ ਹੈ ਸੋ ਬਨ ਸੁਮਨ ਸਮਾਨ॥ ੪॥**

ਜੋ ਬਿਨਾਂ ਦਾਨ ਤੋਂ ਧਨ ਹੈ ਉਹ ਜੰਗਲ ਦੇ ਫੁੱਲਾਂ ਸਮਾਨ ਵਿਅਰਥ ਹੈ॥ ੪॥

**ਜਵਾਨ ਜਿਤੇਂਦ੍ਰਯ ਜਪ ਤਪੀ ਮ੍ਰਿਦੁ ਭਗਵਾਨ ਉਦਾਰ॥**

ਜੋਬਨ ਹੋਵੇ, ਇੰਦ੍ਰੀਆਂ ਕੋ ਰੋਕੇ, ਜਪੀ ਤਪੀ ਹੋਵੇ, ਵਿੱਦਵਾਨ ਹੋਵੇ, ਸਰੇਸ਼ਟ ਹੋਵੇ, ਗਰੀਬ ਹੋਵੇ, ਹੰਕਾਰ ਨਾ ਕਰੇ।

**ਦੀਨ ਮਾਨ ਨਹਿ ਨਵ ਗੁਣੀ, ਹਰਿ ਬਪੁ ਤਾਸ ਜੁਹਾਰ॥ ੫॥**

ਇਹਨਾਂ ਨਵਾਂ ਗੁਣਾਂ ਵਾਲਾ ਪਰਮੇਸ਼ਰ ਰੂਪ ਹੈ. ਤਿਸ ਕੋ ਮੇਰੀ ਬੰਦਨਾ ਹੈ॥ ੫॥

*ਸਵੈਯਾ॥*

**ਸਿੰਧੁ ਅਗਾਧ ਅਹੇ ਲਵਣੋਦਿਕ ਤਦਪਿ ਕਿਆ ਕਹੂੰ ਪਿਆਸ ਨ ਟਾਰੇ॥**

ਜੈਸੇ ਸਮੁੰਦਰ ਬੜਾ ਡੂੰਘਾ ਹੈ ਅਤੇ ਜਲ ਉਸ ਦਾ ਖਾਰਾ ਹੈ ਭਾਵ ਲੂਣ ਵਾਲਾ ਹੈ। ਕੋਈ ਉਸ ਨੂੰ ਪੀਂਦਾ ਨਹੀਂ।

**ਜਾਨੁ ਪ੍ਰਮਾਨ ਜੁ ਵਾਰ ਸੁਚਾਰ ਤ੍ਰਿਖਾ ਨਰ ਨਾਰਿ ਮ੍ਰਿਗਾਦਿ ਕੀ ਹਾਰੇ॥**

ਗੋਡੇ ਤਕ ਜਲ ਵਗਦਾ ਹੋਵੇ ਉਹ ਸੁੰਦਰ ਹੈ, ਪੁਰਸ਼ ਇਸਤਰੀਆਂ, ਹਰਨਾਂ ਦੀ ਤ੍ਰਿਖਾ ਦੂਰ ਕਰਦਾ ਹੈ।

**ਨੇਕ ਧਨਾਢਿ ਤਥਾਪਿ ਬਢੋ ਅਰਥੀ ਬਯਰਥੈ ਜਹਿੰ ਜਾਤ ਨ ਦ੍ਵਾਰੇ॥**

ਤੈਸੇ ਥੋੜ੍ਹੇ ਹੀ ਧਨ ਵਾਲੇ ਤੋਂ ਖਾਲੀ ਨਹੀਂ ਜਾਂਦਾ, ਧਨੀ ਹੋਵੇ ਵੱਡਾ ਉਸਦੇ ਘਰ ਤੋਂ ਮੰਗਣ ਵਾਲਾ ਖਾਲੀ ਚਲਾ ਜਾਵੇ।

**ਜਾਂ ਧਨ ਰਾਸ ਨਿਰਾਸਕ ਇੱਛਕ ਸੋ ਧਨ ਕਯਾ ਚੁਵਤੀ ਛਤ ਧਾਰੇ॥ ੬॥**

ਅਤੇ ਫਿਰ ਜਿਸ ਕੋਲ ਧਨ ਬਹੁਤ ਹੈ, ਅਤੇ ਮੰਗਤੇ ਖਾਲੀ ਚਲੇ ਜਾਂਦੇ ਹਨ ਤਾਂ ਕਿਆ ਉਹ ਧਨ ਚੋਂਦੀ ਛੱਤ ਹੇਠ ਧਰੇਗਾ॥ ੬॥

**ਹੈ ਸਰ ਸੋ ਸਿੰਧੁ ਤੈ ਸਰਸੋ ਰਤਨੋਦਿਕ ਖਾਨਨ ਭੀ ਸਭ ਭਾਵੈ॥**
**ਪਿਆਸ ਸ੍ਰਮੀ ਪਥ ਕੀ ਜਨ ਕੇ, ਸ੍ਰਮ ਨਾਸਨ ਮੇਂ ਸਮਰਥ ਦ੍ਰਸਾਵੈ॥**
**ਸੋ ਸਰ ਜਯੋਂ ਧਨ ਨੈਕ ਧਨੀ ਜਿਂਹ ਦ੍ਵਾਰਹਿ ਤੇ ਸਭ ਕੋ ਵਰਸਾਵੈ॥**
**ਸਿੰਧੁ ਧਨੀ ਕਹੂੰ ਦੈ ਨ ਕਨੀ ਕਿਧੋ ਪਕ ਵ੍ਰਨੀ ਪਰ ਪੀਸ ਕਿ ਲਾਵੈ॥ ੭॥**

ਤਲਾਓ ਸਰੇਸ਼ਟ ਹੈ, ਸਮੁੰਦਰ ਤੇ ਭਾਵੇਂ ਰਤਨਾਂ ਦੀਆਂ ਖਾਨਾਂ ਹਨ, ਤਲਾਉ ਵਿਚ ਕੋਈ ਖਾਨ ਨਹੀਂ, ਉਹ ਕੈਸੇ ਸਰੇਸ਼ਟ ਹੈ, ਜੋ ਮੁਸਾਫਰ ਜਾਂਦਾ ਹੈ, ਉਸ ਕੀ ਤ੍ਰਿਖਾ ਔਰ ਪਸੀਨਾ ਥਕੇਵਾਂ ਤਿੰਨਾਂ ਕੋ ਨਾਸ ਕਰਣੇ ਕੇ ਸਮਰੱਥ ਦਿਖਾਈ ਦੇਤਾ ਹੈ, ਉਸ ਤਲਾਓ ਕੀ ਨਿਆਈਂ ਥੋੜ੍ਹੇ ਧਨ ਵਾਲਾ ਪੁਰਸ਼ ਹੈ, ਤਿਸ ਕੇ ਘਰ ਤੋਂ ਸਭ ਕੋਈ ਖਾਂਦਾ ਹੈ। ਜੋ ਵੱਡਾ ਹੈ, ਉਹ ਸਮੁੰਦਰ ਸਮਾਨ ਹੈ, ਜੋ ਕਿਸੇ ਕੋ ਥੋੜ੍ਹਾ ਭੀ ਨਹੀਂ ਦੇਂਦਾ, ਬਹੁਤਾ ਉਹ ਧਨ ਪੱਕੇ ਹੋਏ ਫੱਟ ਉਪਰ ਰਗੜ ਕੇ ਲਾਵੇ॥ ੭॥

**ਦੋਹਰਾ॥ ਇਕ ਤੋਟਕ ਤਰੈ ਦੋਹਰੇ ਏਕ ਦੁਵੈਯਾ ਛੰਦ॥**

ਇਕ ਤੋਟਕ ਛੰਦ, ਤਿੰਨ ਦੋਹਰੇ, ਇਕ ਦੁਵੈਯਾ ਛੰਦ।

**ਉਭੇ ਸਵਯੇ ਧੀਰ ਜਨ, ਸਤ ਸਲੋਕ ਚਿਤ ਚੰਦ॥**

ਦੋ ਸਵੈਯੇ, ਏਹ ਸੱਤ ਛੰਦ, ਚਿੱਤ ਨੂੰ ਚੰਦ ਵਾਂਗੂੰ ਖਿੜਾਂਵਦੇ ਹਨ।

**ਇਤਿ ਸ੍ਰੀ ਸਾਰੁਕਤਾਵਲੀ ਤਿਹ ਨੌਮੇ ਅਧਿਆਇ॥**
**ਉਤਮ ਕਹੀ ਉਦਾਰਤਾ ਕਵਿ ਹਰਿਦਯਾਲ ਸੁਨਾਇ॥ ੯॥**

ਇਤਿ ਸ੍ਰੀ ਸਾਰੁਕਤਾਵਲੀ ਕੇ ਨਾਵੇਂ ਅਧਿਆਇ ਮੇਂ ਕਵੀ ਹਰਿਦਯਾਲ ਜੀ ਨੇ ਪ੍ਰੇਮ ਨਾਲ ਦਾਨ ਦਾ ਵਰਨਣ ਕੀਤਾ ਹੈ॥ ੯॥

# ਅਥ ਦਸਵਾਂ ਅਧਿਆਇ

**ਦੋਹਰਾ॥ ਦਸਮੇਂ ਦ੍ਵਾਦਸ ਛੰਦ ਕਰ ਕ੍ਰੋਧਾਦਿਕ ਵਖਿਆਨ॥**

ਹੁਣ ਇਸ ਦਸਵੇਂ ਅਧਿਆਇ ਵਿਚ ਬਾਰਾਂ ਛੰਦ ਕਰੋਧਾਦਿਕ ਦਾ ਕਥਨ ਕਰਾਂਗੇ। ਭਾਵ ਤਿਨ੍ਹਾਂ ਵਿਚ ਹਾਲ ਕ੍ਰੋਧ ਤੋਂ ਆਦਿਕ ਲੈ ਕੇ ਕਾਮ ਮੋਹ ਦਾ ਵਰਨਣ ਕਰਾਂਗੇ।

**ਹਾਨ ਕਰੈ ਅਰਿ ਜਾਨ ਕੈ ਮਾਨ ਕਰੈ ਦੁਖ ਖਾਨ॥**

ਇਹਨਾਂ ਨੂੰ ਵੈਰੀ ਮਾਰ ਕੇ ਨਾਸ ਕਰੇਗਾ, ਜੋ ਇਨ ਕਾ ਆਦਰ ਕਰੇਗਾ ਭਾਵ ਜਿਹੜਾ ਇਸ ਵਿਚ ਲੀਨ ਹੋਵੇਗਾ, ਉਸ ਨੂੰ ਦੁੱਖਾਂ ਦੀ ਖਾਨ ਮਿਲੇਗੀ।

**ਮਧੁਭਾਰ ਛੰਦ॥ ਪਹਿਰੇ ਕੁਚੈਲ॥ ਧ੍ਰਿਤ ਦੰਤ ਮੈਲ॥**

ਪੁਰਸ਼ ਮੈਲੇ ਬਸਤਰ ਪਹਿਨਦਾ ਹੈ। ਦਾਤਨ ਨਹੀਂ ਕਰਦਾ, ਦੰਦਾਂ ਤੋਂ ਮੈਲ ਨਹੀਂ ਹਟਾਉਂਦਾ।

**ਤਪਤਾਨ ਪ੍ਰੀਤ॥ ਮਧੁਰੋ ਨ ਗੀਤ॥ ੧॥**

ਤੱਤਾ ਭੋਜਨ ਖਾਣੇ ਮੇਂ ਜਿਸ ਕੀ ਪ੍ਰੀਤ ਹੈ, ਬਚਨ ਭੀ ਮਿੱਠਾ ਨਹੀਂ॥ ੧॥

**ਰਵਿ ਅੰਤ ਭੋਰ॥ ਜਿੰਹ ਨੀਂਦ ਘੋਰ॥**

ਜੋ ਸੂਰਜ ਕੇ ਅਸਤ ਹੋਣ ਤੇ ਸੌਂਦਾ ਹੈ, ਉਸ ਦੇ ਚੜ੍ਹਨ ਤੀਕ ਨੀਂਦ ਰਹਿਤੀ ਹੈ।

**ਜਬ ਲੱਛ ਕੰਤ॥ ਤਿੰਹ ਸ੍ਰੀ ਤਜੰਤ॥ ੨॥**

ਭਾਵੇਂ ਲੱਛਮੀ ਦਾ ਪਤੀ ਹੋਵੇ ਤਾਂ ਵੀ ਮਾਇਆ ਨਾ ਰਹੇਗੀ॥ ੨॥

**ਤਲਕਾ ਛੰਦ॥ ਪਰ ਅੰਨ ਹਰੇ॥ ਪਰ ਧਨ ਚੁਰੇ॥**

ਜੋ ਪੁਰਸ਼ ਪਰਾਏ ਅੰਨ ਨੂੰ ਚੁਰਾਵੇ। ਜੇਹੜਾ ਕਿਸੇ ਦੇ ਧਨ ਨੂੰ ਚੁਰਾਵੇ।

**ਪਰ ਸੇਜ ਰਮੇਂ॥ ਗੁਰ ਨਾਰਿ ਗਮੇਂ॥ ੩॥**

ਜੇਹੜਾ ਪਰਾਈ ਸੇਜ ਨੂੰ ਗਮਨ ਕਰੇ। ਗੁਰਾਂ ਦੀ ਇਸਤ੍ਰੀ ਨਾਲ ਕਾਮ ਚੇਸ਼ਟਾ ਕਰੇ, ਭਾਵ ਪਰਾਈ ਇਸਤਰੀ ਨਾਲ ਭੋਗ ਕਰੇ॥ ੩॥

**ਪਰ ਧਾਮ ਬਸੇ॥ ਪੁਨ ਦਾਨ ਨਸੇ॥**

ਜੇਹੜਾ ਪਰਾਏ ਘਰ ਵਿਚ ਵੱਸਦਾ ਹੋਵੇ, ਉਸ ਦਾ ਕੀਤਾ ਪੁੰਨ ਦਾਨ ਨਾਸ ਹੋ ਜਾਂਦਾ ਹੈ।

**ਯਦਿ ਇੰਦ੍ਰ ਅਹੈ॥ ਤਿਹ ਸ੍ਰੀ ਨ ਰਹੈ॥ ੪॥**

ਭਾਵੇਂ ਉਹ ਇੰਦਰ ਭੀ ਹੋਵੇ, ਉਸ ਦੀ ਸੋਭਾ ਭੀ ਨਹੀਂ ਰਹਿੰਦੀ॥ ੪॥

**ਤੋਟਕ ਛੰਦ॥ ਖੁਧਿਆਂ ਸਮ ਨਾ ਤਨ ਖੇਦ ਅਹੇ॥**

ਭੁੱਖ ਦੇ ਸਮਾਨ ਸਰੀਰ ਨੂੰ ਹੋਰ ਕੋਈ ਦੁੱਖ ਨਹੀਂ।

**ਨਾਹਿ ਚਿੰਤ ਸਮਾ ਤਨ ਸੋਖਕ ਹੈ॥**

ਚਿੰਤਾ ਦੇ ਸਮਾਨ ਸਰੀਰ ਨੂੰ ਹੋਰ ਕੋਈ ਸੁਕਾਉਣ ਵਾਲਾ ਨਹੀਂ।

**ਜਨ ਭੂਖਨ ਨਹਿ ਵਿਦਯਾ ਕੇ ਸਮਾਂ॥**

ਵਿੱਦਿਆ ਦੇ ਸਮਾਨ ਜੀਵ ਕਾ ਕੋਈ ਗਹਿਣਾ ਨਹੀਂ।

**ਨਹਿ ਰੱਖਯਕ ਕਾਇ ਸਮਾਨ ਖਿਮਾਂ॥ ੫॥**

ਖਿਮਾਂ ਦੇ ਸਮਾਨ ਸਰੀਰ ਦਾ ਕੋਈ ਰਖਯਕ ਨਹੀਂ।

**ਖੁਧਿਆ ਕਰ ਆਤੁਰ ਜੋ ਨਰ ਹੈ॥**

ਭੁੱਖ ਕਰਕੇ ਜੋ ਪੁਰਸ਼ ਦੁਖੀ ਹੈ।

**ਬੁਧਿ ਕ੍ਰਾਂਤ ਉਭੈ ਤਿਨ ਕੀ ਨ ਰਹੈ।**

ਉਸ ਦੀ ਬੁੱਧ ਅਤੇ ਉਸ ਦਾ ਤੇਜ ਦੋਵੇਂ ਨਹੀਂ ਰਹਿੰਦੇ।

**ਅਤਿ ਆਤੁਰ ਚਿੰਤਹਿ ਤੇ ਜੋ ਨਰਾ॥**

ਅਤੇ ਜੇਹੜਾ ਪੁਰਸ਼ ਚਿੰਤਾ ਕਰਕੇ ਦੁਖੀ ਹੈ।

**ਸੁਖ ਦੀਨ ਉਭੈ ਤਿਨ ਕੋ ਨ ਜਰਾ॥ ੬॥**

ਉਸ ਨੂੰ ਸੁਖ ਅਤੇ ਨੀਂਦ ਜ਼ਰਾ ਭੀ ਨਹੀਂ ਹੈ॥ ੬॥

**ਮਨੁ ਜਾਤੁਰ ਜੋ ਨਰੁ ਆਹਿ ਸਹੀ॥**

ਕਾਮ ਕਰ ਕੇ ਜੋ ਪੁਰਸ਼ ਦੁਖੀ ਹੈ।

**ਤਿਨ ਕੋ ਨਹਿ ਤ੍ਰਾਸ ਨ ਲਾਜ ਕਹੀ।**

ਤਿਸ ਨੂੰ ਕਿਸੀ ਕਾ ਭੀ ਭੈ ਨਹੀਂ ਹੈ।

**ਦਰਬਾਤੁਰ ਜੋ ਜਨ ਆਹਿ ਘਨਾ॥**

ਲੋਕ ਲੱਜਾ ਹੈ, ਧਨ ਕਰਕੇ ਜੋ ਪੁਰਸ਼ ਦੁਖੀ ਹੈ।

**ਤਿਨ ਕੋ ਗੁਰ ਸਾਕ ਨ ਬੰਧੁ ਜਨਾ॥ ੭॥**

ਤਿਸਕਾ ਨਾ ਕੋਈ ਗੁਰੂ, ਨਾ ਸਾਕ ਹੈ, ਨਾ ਸਰਬੰਧੀ, ਨਾ ਭਾਈ ੭॥

**ਸੋਰਠਾ॥ ਕਰੋਧ ਅਨਰਥਨ ਮੂਲ ਕਰੋਧ ਜਨਮ ਅਰ ਮਰਨ**

ਕਰੋਧ ਹੀ ਸਭ ਪਾਪਾਂ ਦਾ ਕਾਰਨ ਹੈ, ਕਰੋਧ ਹੀ ਜਨਮ ਮਰਨ ਦੇਤਾ

**ਕਰੋਧ ਧਰਮ ਨਿਰਮੂਲ ਤਾਂਤੇ ਕਰੋਧ ਤਿਆਗ ਸੁਭ॥ ੮॥**

ਕਰੋਧ ਹੀ ਧਰਮ ਨੂੰ ਹਟਾ ਦੇਤਾ ਹੈ, ਤਾਂਤੇ ਕਰੋਧ ਕੋ ਤਿਆਗੋ।। ੮।।

**ਦੋਹਰਾ।। ਕਾਲ ਕੂਟ ਅਰ ਕਰੋਧ ਮੈ, ਬਡੋ ਅੰਤਰੋ ਆਹਿ।**

ਸੰਖੀਏ ਵਿਚ ਅਤੇ ਕਰੋਧ ਵਿਚ ਬਹੁਤ ਭੇਦ ਹੈ।

**ਕਰੋਧ ਨਿਜਾਸ੍ਰੈ ਕੋ ਦਹੈ, ਵਿਖ ਨਹਿ ਸ੍ਵਾਸ੍ਰੈ ਦਾਹਿ।। ੯।।**

ਕ੍ਰੋਧ ਹਿਰਦੇ ਨੂੰ ਸਾੜਦਾ ਹੈ, ਸੰਖੀਆ ਜਿਸ ਬਰਤਨ ਵਿਚ ਹੋਵੇ ਉਸਨੂੰ ਸਾੜਦਾ ਹੈ।। ੯।।

**ਮਾਨ ਨਿੰਮ੍ਰਤਾ ਪ੍ਰੀਤ ਤਰ, ਸ਼ੀਘਰ ਕਰੋਧ ਤੇ ਨਾਸ।**

ਕਰੋਧ ਕਰਨ ਨਾਲ ਆਦਰ, ਨਿਮਰਤਾ, ਪਰੀਤ, ਤਿੰਨੇ ਹੀ ਨਾਸ ਹੋ ਜਾਂਦੇ ਹਨ।

**ਹੈਵ ਪ੍ਰਤੀਤ ਹਤ ਕਪਟ ਕਰ, ਸੁਭ ਗੁਣ ਲੋਭ ਪ੍ਰਨਾਸ।। ੧੦।।**

ਛਲ ਕਪਟ ਕਰਨ ਨਾਲ ਪਰੀਤ ਦਾ ਨਾਸ ਹੁੰਦਾ ਹੈ, ਲੋਭ ਕਰਨ ਨਾਲ ਸਰੇਸ਼ਟ ਗੁਣ ਨਾਸ ਹੁੰਦੇ ਹਨ।। ੧੦।।

**ਕਰੈ ਬਖੀਲੀ ਬਲੀ ਸੌ ਪਾਪ ਕਰਮ ਮੈ ਪਯਾਰ।।**

ਜੋ ਸੂਰਮਾ ਹੋਵੇ ਉਸ ਕੀ ਨਿੰਦਿਆ ਕਰੇ, ਪਾਪ ਵਿਖੇ ਪਿਆਰ ਕਰੇ।

**ਤ੍ਰਿਯ ਪ੍ਰਤੀਤਿ ਸਾਜਨ ਕਲ੍ਹੈ ਮਿਰਤੁ ਦੁਵਾਰ ਇਹ ਚਾਰ।। ੧੧।।**

ਇਸਤਰੀ ਦੇ ਬਚਨਾਂ ਵਿਚ ਪ੍ਰਤੀਤ ਕਰੇ, ਇਸਤਰੀ ਦੀ ਸਲਾਹ ਮੰਨੇ, ਅਤੇ ਸੱਜਣਾਂ ਨਾਲ ਵੈਰ ਰੱਖੇ, ਇਹ ਚਾਰੇ ਹੀ ਮੌਤ ਦੇ ਦਰਵਾਜ਼ੇ ਹਨ।। ੧੧।।

**ਕੋਇਕ ਮਿਤ੍ਰ ਨ ਕਹੂੰ ਕੋ, ਕੋਇਕ ਰਿਪੁ ਕਹੂੰ ਨਾਹਿ।**

ਨਾ ਕੋਈ ਕਿਸੇ ਦਾ ਮਿੱਤਰ ਹੈ, ਨਾ ਕੋਈ ਕਿਸੇ ਦਾ ਵੈਰੀ ਹੈ।

**ਜੀਵਨ ਕੇ ਗੁਣ ਦੋਖ ਜੋ, ਸ਼ਤ੍ਰ ਮਿੱਤ੍ਰ ਤੋ ਆਹਿ।। ੧੨।।**

ਜੀਵ ਦੇ ਜੋ ਗੁਣ ਔਗੁਣ ਹਨ, ਉਹੋ ਹੀ ਮਿੱਤਰ, ਸ਼ਤਰੂ ਹਨ।। ੧੨।।

**ਦੋ ਤਿਲਕੇ ਮਧੁਭਾਰ ਦੋ ਤ੍ਰੈ ਤੋਟਕ ਪਹਿਚਾਨ॥**
**ਚਾਰ ਦੋਹਰੇ ਸੋਰਠਿਕ ਦ੍ਵਾਦਸ ਛੰਦ ਬਖਾਨ॥**

ਤਿਲਕੇ ਦੋ, ਮਧਭਾਰ ਦੋ, ਤੋਟਕ ਤਿੰਨ, ਦੋਹਰੇ ਚਾਰ, ਸੋਰਠਾ ਇਕ, ਸਾਰੇ ਬਾਰਾਂ ਛੰਦ।

**ਇਤਿ ਸ੍ਰੀ ਸਾਰੁਕਤਾਵਲੀ ਤਾਸ ਦਸਮ ਅਧਿਆਇ॥**
**ਕ੍ਰੋਧਾਦਿਕ ਤਾਂ ਮੈਂ ਕਹੇ ਮੋਖ ਨਮਿੱਤ ਵਹਾਇ॥ ੧੦॥**

ਇਤਿ ਸ੍ਰੀ ਸਾਰੁਕਤਾਵਲੀ ਦਸਵਾਂ ਅਧਿਆਇ ਸਮਾਪਤੰ। ਇਸ ਵਿਚ ਕਵੀ ਜੀ ਨੇ ਕ੍ਰੋਧ ਆਦਿ ਦਾ ਵਰਣਨ ਕੀਤਾ ਕਿ ਮੁਕਤੀ ਲਈ ਕ੍ਰੋਧ ਨੂੰ ਨਵਿਰਤ ਕਰੋ॥ ੧੦॥

# ਅਥ ਯਾਰੁਵਾਂ ਅਧਿਆਇ

**ਦੋਹਰਾ॥ ਏਕਾਦਸ ਅਧਿਆਇ ਮੈ, ਸੰਤਨ ਕੀ ਪਰਸੰਸ॥**

ਅਬ ਯਾਰਵੇਂ ਅਧਿਆਇ ਵਿਚ ਸੰਤਾਂ ਦੀ ਉਸਤਤੀ ਕਰਾਂਗੇ।

**ਦੁਰਜਨ ਕੀ ਨਿੰਦਾ ਕਰਹਿੰ ਕਹਿ ਸਲੋਕ ਖਟ ਬਿੰਸ॥**

ਖੋਟਿਆਂ ਪੁਰਸ਼ਾਂ ਦੀ ਨਿੰਦਿਆ ਕਰਾਂਗੇ ੨੬ ਸਲੋਕਾਂ ਵਿਚ।

*ਸਵੈਯਾ॥*

**ਪਰ ਵਾਕ ਸਬੋਖ ਅਦੋਖ ਭਨੇ ਕਟੁ ਵਾਕ ਕਹੇ ਨ ਪਰੰਤੂ ਸਹੇ॥**

ਪਰਾਏ ਬਚਨ ਸਹਿਤ ਦੁੱਖ ਦੇ ਹੋਣ, ਤਿੰਨ ਕੋ ਨਿਰਦੋਖ ਕਹੇ, ਆਪ ਨਾ ਖੋਟ ਬਚਨ ਕਹੇ, ਕਿਸੇ ਨੂੰ ਜੇ ਕੋਈ ਖੋਟੇ ਬਚਨ ਕਹੇ ਤਾਂ ਆਪ ਸਹਾਰੇ।

**ਅਪਨੇ ਗੁਣ ਔਗੁਣ ਤਯੋਂ ਪਰ ਕੇ, ਚਹੁ ਮੋਦੁ ਕਹੇ ਦੁ ਕਭੀ ਨ ਕਹੇ।**

ਆਪਣੇ ਗੁਣ ਪਰਾਏ ਔਗੁਣ, ਆਪਣੇ ਔਗੁਣ ਪਰਾਏ ਗੁਣ, ਇਹਨਾਂ ਚੌਹਾਂ ਵਿਚ ਦੋ ਕਹੇ ਦੋ ਕਦੀ ਨਾ ਕਹੇ, ਆਪਣੇ ਗੁਣ ਨਾ ਕਹੇ ਪਰਾਏ ਦੇ ਔਗੁਣ ਨਾ ਕਹੇ।

**ਚਿਤ ਕੇ ਚਿਤ ਚੇਤਤ ਚਿਤ ਭਯੋ ਵਿਸ਼ਯੋ ਤੇ ਪਰੰਤੂ ਡਰੰਤ ਰਹੇ॥**

ਉਸ ਪਰਮੇਸ਼ਰ ਨੂੰ ਚਿੱਤ ਵਿਚ ਸਿਮਰਦਾ ਰਹੇ ਓਹੀ ਰੂਪ ਹੋ ਜਾਏ, ਵਿਸ਼ਿਆਂ ਤੋਂ ਸਦਾ ਹੀ ਡਰਦਾ ਰਹੇ।

**ਸ੍ਰਵਣਾਦਿ ਜਨੈ ਸਭ ਬੰਧ ਹਨੈ ਸਮ ਧਾਮ ਬਨੈ ਪਰ ਕਾਂਤ ਚਹੇ॥੧॥**

ਕੰਨਾਂ ਆਦਿਕ ਤੋਂ ਲੈ ਕਰਕੇ ਜੋ ਬੰਧਨ ਉਤਪਤ ਹੋਤੇ ਹੈਂ ਉਹਨਾਂ ਦਾ ਨਾਸ ਕਰੇ, ਤਨ ਔਰ ਘਰ ਕੋ ਇਕ ਸਮਾਨ ਜਾਣੇ, ਪਰ ਇਕਾਂਤ ਵਿਚ ਬੈਠੇ॥ ੧॥

**ਦੋਹਰਾ॥ ਵਰਤਮਾਨ ਭਾਵੀ ਵਿਪਤਿ ਸੰਤ ਸੇਵ ਤੇ ਨਾਸ॥**

ਭਾਵੇਂ ਪ੍ਰਗਟ ਹੀ ਵਿਪਤਾ ਹੋਣ ਵਾਲੀ ਹੋਵੇ, ਭਾਵੇਂ ਵਰਤਮਾਨ ਕੀ ਭਾਵੀ ਜੋ ਬਿਪਤਾ ਹੈ, ਉਹ ਸੰਤਾਂ ਦੀ ਸੇਵਾ ਕਰਨ ਨਾਲ ਦੂਰ ਹੋ ਜਾਂਦੀ ਹੈ।

**ਜਯੋਂ ਗੰਗੋਦਕ ਅਚਨ ਤੇ ਦੁਰਗਤਿ ਪਜਾਸ ਵਿਨਾਸ॥ ੨॥**

ਦ੍ਰਿਸ਼ਟਾਂਤ— ਜੈਸੇ ਗੰਗਾ ਜਲ ਪੀਣ ਤੇ ਪਿਆਸ ਅਤੇ ਖੋਟੀ ਗਤੀ ਨਰਕ ਵਾਸਾ, ਏਹ ਦੂਰ ਹੋ ਜਾਤੇ ਹੈਂ ਅਤੇ ਮੁਕਤੀ ਦੇਤੀ ਹੈ॥ ੨॥

**ਸਵੈਯਾ॥ਸੰਤ ਕਰੈ ਨਹਿ ਵੈਰ ਕਹੂੰ ਸਭਕੇ ਹਿਤ ਮੈ ਵਰਤੇ ਅਤ ਹੀ॥**

ਜੋ ਪ੍ਰਮੇਸ਼ਰ ਦੇ ਭਗਤ ਹਨ ਉਹ ਕਿਸੇ ਨਾਲ ਦੁਸ਼ਮਣੀ ਨਹੀਂ ਕਰਦੇ ਭਾਵ ਸਭ ਨੂੰ ਹਿਤ ਹੀ ਕਰਦੇ ਹਨ।

**ਤਾਂ ਤਨ ਕੇ ਜਬ ਦਾਹਤ ਕੋ, ਵਹਿ ਤਦਪਿ ਦੇਤ ਸੁਖਾਮਤ ਹੀ॥**

ਜੋ ਕੋਈ ਉਹਨਾਂ ਦੇ ਸਰੀਰ ਨੂੰ ਦੁੱਖ ਭੀ ਦੇਵੇ ਫਿਰ ਭੀ ਉਹ ਸੰਤ ਉਸ ਨੂੰ ਸੁਖ ਹੀ ਪਹੁੰਚਾਂਦੇ ਹਨ।

**ਜੈਸੇ ਕੁਠਾਰ ਕਟੈ ਤਰੁ ਚੰਦਨ ਗੰਧ ਤਿਜੈ ਸੁਖ ਦੇਵਤ ਹੀ॥**

ਦ੍ਰਿਸ਼ਟਾਂਤ—ਜੈਸੇ ਕੁਹਾੜਾ ਚੰਦਨ ਦੇ ਬ੍ਰਿਛ ਨੂੰ ਕੱਟਦਾ ਹੈ, ਉਹ ਚੰਦਨ ਫਿਰ ਵੀ ਚੰਦਨ ਕੁਹਾੜੇ ਦੇ ਮੁਖ ਵਿਚ ਸੁਗੰਧਤਾ ਹੀ ਦੇਂਦਾ ਹੈ।

**ਹੇਤੁ ਸਰਬਾਤਮ ਹੇਰਤ ਹੈਂ ਵਹ ਤਾਂ ਪਦ ਕੰਜ ਨਮੋ ਨਿਤ ਹੀ॥ ੩॥**

ਕਾਰਨ ਇਹੀ ਹੈ ਉਹ ਸਾਰੇ ਪਰਮੇਸ਼ਰ ਦ੍ਰਿਸ਼ਟੀ ਹੀ ਦੇਖਦੇ ਹਨ। ਤਿਨ੍ਹਾਂ ਸੰਤਾਂ ਨੂੰ ਮੇਰੀ ਸਦਾ ਹੀ ਨਮਸ਼ਕਾਰ ਹੈ॥ ੩॥

**ਦੋਹਰਾ॥ ਨਰੁਣਾਭਰਣ ਸ੍ਵਰੂਪ ਤਨ ਰੁਪਾਭਰਣ ਗੁਣਾਹਿ॥**

ਮਾਨੁੱਸ਼ ਕਾ ਭੂਸ਼ਨ ਕੀ ਹੈ ਸੁੰਦਰ ਸਰੂਪ ਹੋਣਾ, ਰੂਪ ਦਾ ਭੂਸ਼ਣ ਕੀ ਹੈ, ਗੁਣ ਹੋਵੇ।

**ਗੁਣ ਕੋ ਭੂਖਣ ਗਯਾਨ ਨਿਜ ਗਯਾਨ ਅਭਰਣ ਖਿਮਾਹਿ॥ ੪॥**

ਗੁਣ ਦਾ ਭੂਸ਼ਣ ਕੀ ਹੈ। ਆਪਣੇ ਸਰੂਪ ਦਾ ਗਿਆਨ ਹੋਣਾ। ਗਿਆਨ ਦਾ ਭੂਸ਼ਣ ਕੀ ਹੈ, ਖਿਮਾ ਕਰਨੀ॥ ੪॥

**ਦੋਹਰਾ॥ ਦਰਪਨ ਮਰਜਨ ਮਾਨ ਜਯੋਂ ਨਿਰਮਲ ਹੋਵਤ ਸੋਇ॥**

ਜੈਸੇ ਸ਼ੀਸ਼ਾ ਸੁਵਾਹ ਨਾਲ ਮਲੀਏ ਤਾਂ ਸ਼ੁੱਧ ਹੁੰਦਾ ਹੈ।

**ਤਥਾ ਗਯਾਨ ਅਭਯਾਸ ਕਰ ਵਿਮਲ ਮਨੀਖਾ ਹੋਇ॥ ੫॥**

ਤੈਸੇ ਹੀ ਗਿਆਨ ਅਭਿਆਸ ਸੇ ਨਿਰਮਲ ਬੁੱਧੀ ਹੈ ਜਗਿਆਸੂ ਕੀ॥ ੫॥

**ਜਯੋਂ ਜਲ ਭੀਤਰ ਪਦਮ ਥਿਤ ਜਲ ਸਪਰਸ ਨਹਿੰ ਤਾਂਹਿ।**

ਜੈਸੇ ਜਲ ਵਿਚ ਹੀ ਕਮਲ ਇਸਥਿਤ ਹੁੰਦਾ ਹੈ, ਪਰੰਤੂ ਉਸ ਨੂੰ ਜਲ ਸਪਰਸ਼ ਨਹੀਂ ਕਰ ਸਕਦਾ।

**ਗਯਾਨੀ ਸਬਦਾਦਿਕ ਵਿਖੇ ਭੋਗਤ ਪਰ ਨ ਲਿਪਾਹਿ॥ ੬॥**

ਤੈਸੇ ਹੀ ਗਿਆਨੀ ਸ਼ਬਦ ਸਪਰਸ਼ ਰੂਪ ਰਸਗੰਧ ਇਨ੍ਹਾਂ ਕੋ ਭੋਗਤਾ ਹੈ, ਲਿਪਤ ਨਹੀਂ ਹੋਤਾ॥ ੬॥

**ਘਰਸਨ ਛੇਦਨ ਦਹਿਨ ਮੈਂ ਕੰਚਨ ਦੁਖੈ ਨ ਐਸ।**

ਘੜਨੇ ਟੁੱਟਨੇ ਸੇ ਸੁਇਨਾ ਐਸਾ ਦੁਖੀ ਨਹੀਂ ਹੁੰਦਾ।

**ਗੁੰਜਨ ਸਮ ਤੋਲਨ ਹੁਤੇ ਹਾਟਕ ਦੁਖ ਹੈ ਜੈਸ॥ ੭॥**

ਜੈਸੇ ਰੱਤੀਆਂ ਜੋ ਕਾਲੇ ਮੂੰਹ ਵਾਲੀਆਂ ਹਨ, ਉਨ੍ਹਾਂ ਦੇ ਨਾਲ ਤੁਲਨੇ ਸੇ ਹੋਤਾ ਹੈ॥ ੭॥

**ਤਨ ਦਾਹਨ ਛੇਦਨ ਬਿਪਤਿ ਨਹਿੰ ਅਸ ਦੁਖੈ ਸੰਤ।**

ਜੈਸੇ ਸੋਨਾ ਹੈ, ਤੈਸੇ ਹੀ ਸੰਤਾਂ ਦੇ ਤਨ ਨੂੰ ਕੋਈ ਸਾੜੇ, ਕੋਈ ਕੱਟੇ, ਕੋਈ ਬਿਪਤਾ ਪੈ ਜਾਵੇ, ਸੰਤ ਐਸੇ ਦੁਖੀ ਨਹੀਂ ਹੁੰਦੇ।

**ਬਿਖੈ ਸੰਗ ਤੇ ਜਯੋਂ ਦੁਖੈ ਬਿਖੈ ਅਸੰਤ ਕਰੰਤ॥ ੮॥**

ਜੈਸੇ ਵਿਸ਼ਿਆਂ ਦੀ ਸੰਗਤ ਤੋਂ ਦੁਖੀ ਹੁੰਦੇ ਹਨ, ਇਹ ਵਿਸ਼ਯ ਖਰਾਬ ਕਰਤੇ ਹੈਂ॥ ੮॥

**ਭ੍ਰਮਰ ਕੇਤਕੀ ਫੂਲ ਪਰ ਖੰਡ ਮਾਨ ਭੀ ਸੇਭ।**

ਜੈਸੇ ਭੌਰਾ ਕੇਤਕੀ ਦੇ ਫੁੱਲ ਉਤੇ ਟੁਕੜੇ-ਟੁਕੜੇ ਹੋ ਜਾਂਦਾ ਹੈ, ਫੇਰ ਭੀ ਉਥੇ ਹੀ ਸੋਭਦਾ ਹੈ, ਉਡਦਾ ਨਹੀਂ।

**ਤਯੋਂ ਗੁਣ ਕਰ ਜਿੰਹ ਚਿਤ ਢਪਯੋ ਤਿਹ ਨ ਦੋਖ ਕਰ ਖੋਭ॥ ੯॥**

ਤੈਸੇ ਹੀ ਗੁਣਾਂ ਕਰਕੇ ਜਿਸ ਕਾ ਚਿੱਤ ਢੱਕਿਆ ਹੋਇਆ ਹੈ, ਭਾਵ ਹੁਣ ਗੁਣਵਾਨ ਹੈ, ਤਿਸ ਕੋ ਦਰਮ ਕਾ ਭੀ ਖੋਜ ਨਹੀਂ॥ ੯॥

**ਦੁਸਟ ਕ੍ਰਿਯਾ ਦਦਸੇ ਨਹੀਂ ਜੈਸੇ ਜਲ ਮਹਿੰ ਰੇਖ।**

ਦੁਸ਼ਟ ਪੁਰਖ ਕੋਈ ਖੋਟਾ ਕੰਮ ਕਰੇ ਕੋਈ ਨਹੀਂ ਜਾਣਦਾ, ਲੋਕ ਕਹਿੰਦੇ ਹਨ, ਇਹ ਆਦਮੀ ਐਸੇ ਕਰਮ ਸਦਾ ਹੀ ਕਰਦਾ ਹੈ। ਜਿਸ ਤਰ੍ਹਾਂ ਪਾਣੀ ਉਪਰ ਲੀਕ ਖਿਚੀਏ ਤਾਂ ਨਹੀਂ ਰਹਿੰਦੀ, ਇਸੇ ਤਰ੍ਹਾਂ ਹੀ ਉਸਦੇ ਮਾੜੇ ਕੰਮ ਕੀਤੇ ਕਿਸੇ ਨੂੰ ਯਾਦ ਨਹੀਂ ਰਹਿੰਦੇ।

**ਸੰਤ ਕਿਰਿਆ ਅਤਿ ਅਲਪ ਭੀ ਸਿਲਾ ਰੇਖ ਜਿਉਂ ਦੇਖ॥ ੧੦॥**

ਸੰਤਾਂ ਪਾਸੋਂ ਕੋਈ ਖੋਟਾ ਕੰਮ ਹੋ ਜਾਏ ਤੇ ਕਹਿੰਦੇ ਹਨ, ਇਹ ਸਾਧ ਨਹੀਂ ਏਹ ਮਲੰਗ ਹਨ। ਜੈਸੇ ਪੱਥਰ ਤੇ ਲੀਕ ਹੁੰਦੀ ਹੈ, ਇਸ ਤਰ੍ਹਾਂ ਉਸ ਕੰਮ ਨੂੰ

ਲੋਕ ਦ੍ਰਿੜ੍ਹ ਕਰ ਲੈਂਦੇ ਹਨ, ਭਾਵ ਭੁਲਾਂਵਦੇ ਹੀ ਨਹੀਂ॥ ੧੦॥

**ਚੰਦਨ ਸੀਤਲ ਲੋਕ ਮੈ ਚੰਦਨ ਤੇ ਸਸਿ ਸੀਤ।**

ਲੋਕਾਂ ਵਿਖੇ ਚੰਦਨ ਸੀਤਲ ਹੈ, ਪਰ ਚੰਦਨ ਨਾਲੋਂ ਚੰਦਰਮਾਂ ਸੀਤਲ ਹੈ।

**ਚੰਦਨ ਚੰਦ੍ਰਸ ਜੁਗਲ ਤੇ ਸੀਤਲ ਸਤਸੰਗ ਨੀਤ॥ ੧੧॥**

ਚੰਦਨ ਅਤੇ ਚੰਦਰਮਾ ਦੋਹਾਂ ਤੋਂ ਸਤਿਸੰਗ ਸੀਤਲ ਹੈ॥ ੧੧॥

**ਏਕ ਪੁਤ੍ਰ ਗੁਣਵਾਨ ਸੁਭ ਸੌ ਸਤ ਔਗੁਣ ਅਕਾਮ।**

ਗੁਣ ਵਾਲਾ ਇਕ ਪੁੱਤਰ ਵੀ ਸਰੇਸ਼ਟ ਹੈ, ਔਗੁਣ ਵਾਲੇ ਸੌ ਪੁੱਤਰ ਵੀ ਕਿਸੇ ਕੰਮ ਨਹੀਂ, ਭਾਵ ਉਹ ਕੁਲ ਨੂੰ ਡੋਬ ਦੇਂਦੇ ਹਨ।

**ਇਕ ਸਸਿ ਹੀ ਤਮ ਕੋ ਹਰੇ ਤਾਰੇ ਕੋਟਿ ਕਿ ਕਾਮ॥ ੧੨॥**

ਜੈਸੇ ਇਕ ਚੰਦਰਮਾ ਸਾਰੇ ਹਨੇਰੇ ਨੂੰ ਦੂਰ ਕਰਦਾ ਹੈ ਅਤੇ ਤਾਰੇ ਕਰੋੜਾਂ ਹੀ ਹਨ, ਸੋ ਕਿਸੇ ਕੰਮ ਨਹੀਂ ਹਨ॥ ੧੨॥

**ਅੰਮ੍ਰਿਤ ਰਸ ਵਿਦਵਾਨ ਕੋ ਜਾਨਤ ਇਕ ਵਿਦਵਾਨ।**

ਬ੍ਰਹਮਾਨੰਦ ਜੋ ਰਸ ਸੁਆਦ ਹੈ ਵਿਦਵਾਨ ਹੀ ਉਸ ਨੂੰ ਲੈਂਦੇ ਹਨ, ਅਤੇ ਵਿਦਵਾਨ ਹੀ ਉਸ ਨੂੰ ਜਾਣਦੇ ਹਨ।

**ਰੰਭਾ ਭੋਗਨ ਤੇ ਜੁ ਸੁਖ ਜਾਨੇ ਸਕ੍ਰ ਨ ਆਨ॥ ੧੩॥**

ਜੈਸੇ ਜੋ ਅਪੱਛਰਾਂ ਭੋਗਣ ਦਾ ਰਸ ਹੈ, ਉਹ ਇੰਦਰ ਹੀ ਜਾਣਦਾ ਹੈ, ਕੋਈ ਹੋਰ ਨਹੀਂ ਜਾਣਦਾ॥ ੧੩॥

**ਸਭ ਸ਼ਾਸਤ੍ਰਨ ਮੈਂ ਚਤੁਰ ਭੀ ਚਤੁਰ ਵੇਦ ਥਿਤਿ ਵਾਕ।**

ਸਭ ਵੇਦਾਂ ਸ਼ਾਸਤਰਾਂ ਵਿਚ ਪੁਰਸ਼ ਚਤੁਰ ਹੈ, ਭਾਵ ਜ਼ੁਬਾਨ ਪਰ ਇਸ ਤਰ੍ਹਾਂ ਹਨ ਵੇਦ ਦੇ ਵਾਕ।

**ਆਤਮ ਗਯਾਨ ਨ ਜਾਨਿਯੋਂ ਜਯੋਂ ਦਰਬੀ ਰਸ ਪਾਕ॥ ੧੪॥**

ਜੇਕਰ ਆਪਣੇ ਆਤਮਾ ਦਾ ਗਿਆਨ ਜਾਣਿਆਂ ਨਹੀਂ ਤਾਂ ਐਸੇ ਹੀ

ਉਹ ਪੁਰਸ਼ ਕੜਛੀ ਰਸਾਂ ਚੰਗਿਆਂ ਤੋਂ ਖਾਲੀ ਹੈ, ਭਾਵ ਬੜੇ-ਬੜੇ ਚੰਗੇ ਭੋਜਨਾਂ ਵਿਚ ਫਿਰਦੀ ਹੈ, ਪਰ ਸਵਾਦ ਕਿਸੇ ਦਾ ਨਹੀਂ ਜਾਣਦੀ।। ੧੪।।

**ਦੋਹਰਾ।। ਗਿਰਿ ਗਿਰਿ ਮੈ ਮਾਨਕ ਨਹੀਂ ਗਜ ਗਜ ਮੋਤੀ ਨਾਹਿ।**

ਸਭਨਾਂ ਪਹਾੜਾਂ ਵਿਚ ਮਣੀਆਂ ਨਹੀਂ, ਸਭਨਾਂ ਹਾਥੀਆਂ ਵਿਚ ਮੋਤੀ ਨਹੀਂ।

**ਚੰਦਨਿ ਤਰੁ ਬਨ ਬਨ ਨਹੀਂ ਸੰਤ ਨਾ ਪੁਰਿ ਪੁਰਿ ਮਾਹਿ।। ੧੫।।**

ਹਰ ਇਕ ਜੰਗਲ ਵਿਚ ਚੰਦਨ ਦਾ ਬ੍ਰਿਛ ਨਹੀਂ। ਹਰ ਇਕ ਨਗਰ ਵਿਚ ਸੰਤ ਨਹੀਂ ਹਨ, ਭਾਵ ਜਿਸ ਪਰਬਤ ਵਿਚ ਮਾਣਕ ਹਨ, ਉਸ ਪਰਬਤ ਜਿਹਾ ਹੋਰ ਕੋਈ ਨਹੀਂ। ਜਿਸ ਹਾਥੀ ਵਿਚ ਮੋਤੀ ਹਨ ਉਸ ਜਿਹਾ ਕੋਈ ਨਹੀਂ ਹੈ। ਜਿਸ ਜੰਗਲ ਵਿਚ ਚੰਦਨ ਦਾ ਬੂਟਾ ਹੈ, ਉਸ ਜਿਹਾ ਕੋਈ ਨਹੀਂ। ਜਿਸ ਨਗਰ ਵਿਚ ਸੰਤ ਹਨ ਉਸ ਜਿਹਾ ਕੋਈ ਨਗਰ ਨਹੀਂ ਹੈ।। ੧੫।।

**ਨਿਰਮਲ ਮਤਿ ਮਾਨੀ ਪੁਰਖੁ ਦੁਇ ਫਲ ਕੀ ਇਛ ਧਾਰ।**

ਨਿਰਮਲ ਬੁੱਧ ਵਾਲਾ ਜੋ ਪੁਰਸ਼ ਹੈ, ਮਾਨੀ ਦੇ ਫਲਾਂ ਦੀ ਇੱਛਾ ਕਰਦਾ ਹੈ।

**ਸਰਬਸੰਗ ਨਿਰਬ੍ਰਿਤਤਾ ਵਾ ਵਿਭੂਤਿ ਵਿਸਤਾਰ।। ੧੬।।**

ਸਭਨਾਂ ਦੇ ਸੰਗ ਤੋਂ ਦੂਰ ਹੋਣਾ ਵਾ ਧੰਨ ਦਾ ਵਿਸਥਾਰ ਕਰਨਾ।। ੧੬।।

**ਉਪਕਾਰੀ ਪਯਾਰੀ ਗਿਰਾ ਕਰੈ ਅਕਿਰਤਮ ਪੀਤ।**

ਸੰਤ ਉਪਕਾਰ ਵਾਲੇ ਪਿਆਰੇ ਬਚਨ ਬੋਲਤੇ ਹੈਂ। ਜੋ ਕੀਤੇ ਨੂੰ ਨਾ ਜਾਣੇ ਉਸ ਨਾਲ ਵੀ ਪ੍ਰੀਤ ਕਰਦੇ ਹਨ।

**ਸੰਤਨ ਇਹੀ ਸੁਭਾਵ ਹੈ ਸਸਿ ਸੀਤਲ ਕਿਨ ਕੀਤ।। ੧੭।।**

ਇਹ ਸੰਤਾਂ ਦਾ ਸੁਭਾਵ ਹੀ ਹੈ, ਚੰਦਰਮਾਂ ਕਿਸੇ ਨੇ ਸੀਤਲ ਕੀਤਾ ਹੈ।। ੧੭।।

**ਸੋ ਤਰ ਕੋਇਕ ਕਹੂੰ ਹੈ ਜਿਹ ਕਰਿੰਦ ਅਸ੍ਰਿੱਛ।**

ਸੋ ਬ੍ਰਿਛ ਕੋਈ ਹੈ ਬਨ ਵਿਚ ਜਿਸਦੇ ਆਸਰੇ ਹਾਥੀ ਬੈਠੇ।

**ਬਨ ਬਨ ਮੈਂ ਬਨ ਚਰਨ ਕੇ ਵਾਸ ਯੋਗ ਬਹੁ ਬ੍ਰਿੱਛ॥ ੧੮॥**

ਬਾਂਦਰਾਂ ਵਾਸਤੇ ਬਹੁਤ ਬਿਰਛ ਹਨ, ਐਸੇ ਹੀ ਸੰਤ ਕੋਈ ਕੋਈ ਹੀ ਹੈ॥ ੧੮॥

**ਜੋ ਜਨ ਕੇ ਬੰਧਨ ਹਰੇ ਸੋ ਸਾਧੂ ਕਹੋ ਏਕ।**

ਜਨਮ ਮਰਨ ਤੋਂ ਛੁਡਾਉਣ ਵਾਲਾ ਕੋਈ ਸੰਤ ਇਕ ਹੀ ਹੈ।

**ਕਰਮ ਕ੍ਰਿਆ ਜੋੜਨ ਵਿਖੇ ਜਨ ਸਮਰੱਥ ਅਨੇਕ॥ ੧੯॥**

ਬ੍ਰਤਾਦਿਕ ਸੰਧਿਆ ਗਾਇਤਰੀ ਸ਼ਿਵ ਲਿੰਗ ਪੂਜਾ, ਇਸ ਤਰ੍ਹਾਂ ਦੇ ਕੰਮਾਂ ਦੇ ਕੱਠਿਆਂ ਕਰਨ ਵਿਚ ਬਹੁਤ ਸਾਰੇ ਦੱਸਣ ਵਾਲੇ ਹਨ॥ ੧੯॥

**ਦ੍ਵਿਜ ਪ੍ਰਸੰਨ ਖੀਰਾਦਿ ਕਰ ਮੋਰ ਮੋਦ ਘਨ ਬੈਨ।**

ਬ੍ਰਾਹਮਣ ਪ੍ਰਸੰਨ ਹੁੰਦੇ ਹਨ ਖੀਰ ਆਦਿ ਖਾ ਕੇ। ਮੋਰ ਪ੍ਰਸੰਨ ਹੁੰਦਾ ਹੈ, ਬੱਦਲ ਦੀਆਂ ਅਵਾਜ਼ਾਂ ਸੁਣ ਕੇ।

**ਸੰਤ ਸੁਖੀ ਪਰ ਹਿਤ ਵਿਖੈ ਪਠ ਪਰ ਬਿਪਤਾ ਚੈਨ॥ ੨੦॥**

ਸੰਤ ਸੁਖੀ ਹੁੰਦੇ ਹਨ, ਪਰਾਏ ਹਿਤ ਵਿਖੇ ਭਾਵ ਪਰਉਪਕਾਰ ਕਰਕੇ। ਮੂਰਖ ਪਰਾਈ ਬਿਪਤਾ ਦੇਖ ਕੇ ਬੜਾ ਸੁਖੀ ਹੁੰਦਾ ਹੈ॥ ੨੦॥

**ਅਰਥੀ ਪ੍ਰਸ਼ਨੀ ਜਗਤ ਮੈਂ ਸੁਲਭ ਅਗਾਰ ਅਗਾਰ।**

ਮੰਗਤੇ ਅਤੇ ਪ੍ਰਸ਼ਨ ਕਰਨ ਵਾਲੇ ਪੁਰਸ਼ ਸੰਸਾਰ ਵਿਚ ਬਹੁਤ ਮਿਲਦੇ ਹਨ ਘਰ ਘਰ ਵਿਚ।

**ਦਾਤਾ ਉਤਰ ਵੰਤ ਦ੍ਵੈ ਦੁਰਲਭ ਨਰ ਸੰਸਾਰ॥ ੨੧॥**

ਜਗਤ ਵਿਚ ਦਾਨ ਦੇਣ ਵਾਲੇ ਤੇ ਉੱਤਰ ਦੇਣ ਵਾਲੇ ਪੁਰਸ਼ ਦੋਵੇਂ ਸੰਸਾਰ ਵਿਚ ਨਹੀਂ ਲੱਭਦੇ॥ ੨੧॥

**ਸਗੁਨ ਦੋਖ ਪਰ ਜਾਚਨਾ ਅਰਥੀ ਵਯਰਥ ਭਜੰਤ।**

ਆਪਣੇ ਗੁਣ ਕਹਿਣੇ, ਪਰਾਏ ਦੇ ਦੋਸ਼ ਕਹਿਣੇ ਤੇ ਕਿਸੇ ਪਾਸੋਂ ਮੰਗਣਾ, ਮੰਗਤੇ ਨੂੰ ਖਾਲੀ ਟੋਰਨਾ।

**ਜਿਨ ਚਾਰੋਂ ਕੇ ਕਹਨਿ ਮੇਂ ਸੰਤਨ ਜੀਭ ਲਜੰਤ॥ ੨੨॥**

ਇਹਨਾਂ ਚੌਹਾਂ ਦੇ ਹੀ ਕਹਿਣੇ ਵਿਚ ਸੰਤਾਂ ਦੀ ਜੀਭ ਲੱਜਾ ਜਾਤੀ ਹੈ॥ ੨੨॥

*ਸਵੈਯਾ॥*

**ਕਰ ਕੈ ਪਰਹਾਰ ਭਏ ਜਿਮ ਕੁੰਦੁਕ ਭੂਮ ਗਿਰੇ ਪੁਨ ਊਰਧ ਹੋਈ।**

ਹੱਥ ਦੇ ਮਾਰਨ ਨਾਲ ਜੈਸੇ ਖਿਦੋ ਨੀਚੇ ਅਤੇ ਉਪਰ ਜਾਂਦਾ ਹੈ।

**ਬ੍ਰਿਤ ਔਬ੍ਰਿਤ ਉਤਮ ਸੰਤਨ ਕੀ ਪਰ ਹੋਵਤਿ ਨਾਸ ਜਬੈ ਵਹਿ ਦੋਈ।**

ਇਸੇ ਤਰ੍ਹਾਂ ਸੰਤਾਂ ਦੀ ਉਪਜੀਵਕਾ ਬਿਰਤੀ ਦੋਵੇਂ ਨਾਸ ਵੀ ਹੋ ਜਾਣ।

**ਅਪਦਾ ਅਤਿ ਪ੍ਰਾਪਤ ਹੋਇ ਜਬੈ ਨਹਿ ਤਦਪਿ ਵਯਾਕੁਲ ਹੋਵਤ ਸੋਈ॥**

ਅਤੇ ਜੇ ਕਦੇ ਬੜੀ ਬਿਪਤਾ ਵੀ ਪੈ ਜਾਏ ਤਾਂ ਵੀ ਸੰਤ ਦੁਖੀ ਨਹੀਂ ਹੁੰਦੇ ਭਾਵ ਉਹ ਡਰਦੇ ਨਹੀਂ।

**ਸਮ ਮੇਰੁ ਰਹੈ ਥਿਤ ਸੰਤ ਸਦਾ ਬਿਪਤ ਸਮ ਗੇਂਦ ਸਮਾਨ ਸੋ ਜੋਈ॥ ੨੩॥**

ਸੁਮੇਰ ਪਰਬਤ ਵਾਂਗ ਸਮਾਨ ਇਸਥਿਤ ਰਹਿੰਦੇ ਹਨ, ਸਦਾ ਹੀ ਖਿਦੋ ਸਮਾਨ ਡੋਲਦੇ ਨਹੀਂ ਹਨ॥ ੨੩॥

**ਦੋਹਰਾ॥ ਅਧਮ ਚਾਹਤੇ ਦਰਬ ਕੋ ਮਧਮ ਧਨ ਅਰ ਮਾਨ।**

ਜੋ ਨੀਚ ਪੁਰਸ਼ ਹੈ, ਉਹ ਧਨ ਨੂੰ ਚਾਹੁੰਦਾ ਹੈ, ਮੱਧਮ ਪੁਰਸ਼ ਧਨ ਅਤੇ ਮਾਨ ਦੋਨੋਂ ਚਾਹੁੰਦਾ ਹੈ।

**ਉੱਤਮ ਚਾਹੇ ਮਾਨ ਕੋ ਤਾਂਕੋ ਗੁਨ ਸਨਮਾਨ॥ ੨੪॥**

ਉੱਤਮ ਪੁਰਸ਼ ਮਾਨ ਨੂੰ ਭੀ ਚਾਹੁੰਦਾ ਹੈ, ਤਿਸਕੇ ਸਨਮਾਨ ਹੀ ਧਨ ਹੈ॥ ੨੪॥

**ਹੈ ਗੁਣ ਔਗੁਣ ਸਭ ਵਿਖੇ ਇਨ ਬਿਨ ਜੰਤੁ ਨ ਕੋਇ।**

ਗੁਣ ਅਤੇ ਔਗੁਣ ਸਭ ਵਿਚ ਹਨ, ਇਹਨਾਂ ਤੋਂ ਖਾਲੀ ਕੋਈ ਨਹੀਂ।

**ਮ੍ਰਿਦੁ ਸੁਗੰਧ ਸੁੰਦਰ ਕਮਲ ਪਰ ਕੰਟਕ ਭੀ ਹੋਇ॥ ੨੫॥**

ਦ੍ਰਿਸ਼ਟਾਂਤ— ਕੇਵਲ ਕਮਲ ਸੁਗੰਧ ਵਾਲਾ ਹੈ, ਸੁੰਦਰ ਹੈ, ਪਰ ਉਸ ਵਿਚ ਕੰਡੇ ਹਨ।

**ਸੋਰਠਾ॥ ਭੂਮੰਡਲ ਸਿੰਗਾਰ ਸੰਤ ਮਰਾਲ ਨਿਵਾਸ ਤਹਿ।**

ਪ੍ਰਿਥਵੀ ਮੰਡਲ ਦਾ ਸ਼ਿੰਗਾਰ ਸੰਤ ਔਰ ਹੰਸ ਹਨ।

**ਹਾਨਿ ਤਿਨੈ ਪੁਰਿ ਤਾਲ ਸਾਧੂ ਹੰਸ ਵਿਜੋਗ ਜਹਿ॥ ੨੬॥**

ਜਿਥੇ ਸੰਤਾਂ ਅਰ ਹੰਸਾਂ ਦਾ ਵਿਛੋੜਾ ਹੈ ਉਹ ਤਿੰਨੋ ਪੁਰੀਆਂ ਦੇ ਤਲਾਅ ਹਾਨੀ ਰੂਪ ਹਨ॥ ੨੬॥

**ਬਾਈ ਦੋਹੇ ਸੋਰਠਿਕ ਤੀਨ ਸਵੈਯੇ ਚੀਨ॥**

ਬਾਈ ਦੋਹਰੇ ਹਨ, ਇਕ ਸੋਰਠਾ ਤੇ ਤਿੰਨ ਸਵੈਯੇ ਜਾਣੋ।

**ਸਭੇ ਛੰਦ ਖਟ ਬੀਸ ਹੈ ਹਰ ਹੈ ਦੀਨ ਅਧੀਨ।**

ਸਾਰੇ ਛੰਦ ਛੱਬੀ ਹਨ, ਦੀਨਤਾਈ ਨੂੰ ਨਾਸ ਕਰਕੇ ਵਸੀ ਕਰ ਲੈਂਦੇ ਹਨ।

**ਇਤਿ ਸ੍ਰੀ ਸਾਰੁਕਤਾਵਲੀ ਤਾਸ ਯਾਰਵੇਂ ਧਿਆਇ।**
**ਦੁਰਜਨ ਸੁਰਜਨ ਯੁਗਲ ਕੋ ਵਰਨਣ ਕੀਨ ਸੁਭਾਇ॥**

ਇਤਿ ਸ੍ਰੀ ਸਾਰੁਕਤਾਵਲੀ ਦੇ ਯਾਰਵੇਂ ਅਧਿਆਇ ਵਿਚ ਸੰਤਾਂ ਦਾ ਅਤੇ ਦੁਰਜਨਾਂ ਦਾ ਸੁਭਾਵ ਵਰਨਣ ਕੀਤਾ ਹੈ॥ ੧੧॥

## ਅਥ ਬਾਰ੍ਹਵਾਂ ਅਧਿਆਇ

**ਦੋਹਰਾ॥ ਦ੍ਵਾਦਸ ਅਧਿਆਇ ਮੈ ਸਪਤ ਵਯਸਨ ਵਿਸਤਾਰ।**

ਬਾਰ੍ਹਵੇਂ ਅਧਿਆਇ ਵਿਚ ਸੱਤਾਂ ਵਿਸ਼ਿਆਂ ਦਾ ਵਿਸਤਾਰ ਕਰਾਂਗੇ।

**ਕ੍ਰਮ ਕ੍ਰਮ ਕਰ ਤਿਹ ਨਿੰਦ ਹੈ ਪੰਦ੍ਰਾਂ ਛੰਦ ਉਚਾਰ॥ ੧॥**

ਅਤੇ ਸਮੇਂ ਸਮੇਂ ਤਿਨ੍ਹਾਂ ਦੀ ਨਿੰਦਾ ਕਰੇਂਗੇ ਪੰਦਰਾਂ ਛੰਦਾਂ ਵਿਚ॥ ੧॥

**ਜੂਪ ਮਾਸ ਮਦ ਵੇਸਵਾ ਹਿੰਸਾ ਚੋਰੀ ਨਾਰਿ।**

੧. ਜੂਆ, ੨. ਮਾਸ, ੩. ਸ਼ਰਾਬ, ੪. ਕੰਜਰੀ, ੫. ਜੀਵ ਮਾਰਨਾ, ੬. ਚੋਰੀ ਕਰਨੀ, ੭. ਪਰਾਈ ਇਸਤਰੀ ਭੋਗਣੀ।

**ਸਪਤ ਲੋਕ ਮਹਿ ਸਪਤ ਹੈ ਸਪਤ ਨ ਛੂਹੇ ਉਦਾਰ॥ ੧॥**

ਇਹਨਾਂ ਸੱਤਾਂ ਚੀਜ਼ਾਂ ਦੀ ਸੱਤਾਂ ਲੋਕਾਂ ਵਿਚ ਕਸਮ ਹੈ, ਸਿਆਣਾ ਆਦਮੀ ਜੋ ਹੈ, ਉਹ ਇਹਨਾਂ ਸੱਤਾਂ ਨੂੰ ਛੋਂਹਦਾ ਵੀ ਨਹੀਂ ਹੈ॥ ੧॥

**ਲਖਮੀ ਤਹਾਂ ਰਹੇ ਨਹੀ ਜਹਾਂ ਜੂਪ ਕੋ ਬਾਸ।**

ਉਸ ਘਰ ਵਿਚ ਧਨ ਨਹੀਂ ਰਹਿੰਦਾ, ਜਿਸ ਘਰ ਵਿਚ ਜੂਆ ਖੇਡਣ ਵਾਲਾ ਆਦਮੀ ਹੋਵੇ।

**ਪਾਦਪ ਤਹਿ ਉਪਜੈ ਨਹੀ ਜਹਾਂ ਅਗਨ ਪਰਕਾਸ਼॥ ੨॥**

ਜੈਸੇ ਬ੍ਰਿਛ ਉਸ ਥਾਂ ਨਹੀਂ ਉੱਗਦਾ ਜਿਥੇ ਅਗਨੀ ਜਲਦੀ ਹੋਵੇ, ਭਾਵ ਜਿਸ ਧਰਤੀ ਉਤੇ ਅੱਗ ਹੋਵੇ ਓਥੇ ਬ੍ਰਿਛ ਨਹੀਂ ਉਗਦਾ॥ ੨॥

**ਪਾਪ ਬ੍ਰਿਧ ਤੇ ਬ੍ਰਿਧਿ ਧੰਨ ਧਨ ਬ੍ਰਿਧਿ ਤੇ ਬ੍ਰਿਧਿ ਪਾਪ।**

ਪਾਪ ਕਰਨ ਨਾਲ ਧਨ ਵਧਦਾ ਹੈ ਅਤੇ ਧਨ ਜ਼ਿਆਦਾ ਹੋਣ ਨਾਲ ਪਾਪ ਬਹੁਤ ਹੁੰਦਾ ਹੈ।

**ਖੋਇ ਜੂਪ ਮੈਂ ਧਰਮ ਬਿਨ ਉਭੈ ਲੋਕ ਸੰਤਾਪ॥ ੩॥**

ਧਰਮ ਤੋਂ ਬਿਨਾਂ ਧਨ ਜੂਏ ਵਿਚ ਗਵਾਉਂਦਾ ਹੈ, ਲੋਕ ਪ੍ਰਲੋਕ ਵਿਚ ਦੁੱਖ ਮਿਲਦਾ ਹੈ॥ ੩॥

**ਸੁਰਾ ਪਾਨ ਤੇ ਹਾਨਿ ਮਤ, ਕਰ ਹੈ ਕਾਮ ਬਿਹੋਸ਼।**

ਸ਼ਰਾਬ ਦੇ ਪੀਣ ਨਾਲ ਬੁੱਧੀ ਮਲੀਨ ਹੁੰਦੀ ਹੈ ਅਤੇ ਕਾਮਦੇਵ ਆਦਮੀ ਨੂੰ ਬੇਹੋਸ਼ ਕਰਦਾ ਹੈ।

**ਨਾਰੀ ਮਹਤਾਰੀ ਉਭੈ ਭੋਗੈ ਗਨੈ ਨ ਦੋਸ਼॥ ੪॥**

ਇਸਤਰੀ ਅਤੇ ਮਾਤਾ ਦੋਨੋਂ ਕੋ ਭੋਗਤਾ ਹੈ, ਦੋਸ਼ ਨਹੀਂ ਜਾਣਦਾ॥ ੪॥

*ਤੋਟਕ ਛੰਦ॥*

**ਮਦ ਪਾਨ ਸਮਾਨ ਨ ਪਾਪ ਪਰੇ। ਨਹਿ ਭੂਤ ਭਵਿੱਖਤ ਮੈ ਉਚਰੇ।**

ਸ਼ਰਾਬ ਕੇ ਪੀਣੇ ਸਮਾਨ ਕੋਈ ਪਾਪ ਨਹੀਂ। ਇਸ ਤੇ ਵੱਡਾ ਪਾਪ ਨਾ ਪਿਛੇ ਹੋਇਆ ਹੈ, ਨਾ ਅੱਗੋਂ ਹੋਵੇਗਾ।

**ਮਦ ਤਯਾਗ ਸਮਾਨ ਨ ਪੁੰਨ ਕਹੂੰ। ਨਹਿ ਭੂਤ ਵਿਖੇ ਨ ਭਵਿਖਤ ਹੂੰ॥ ੫॥**

ਸ਼ਰਾਬ ਦੇ ਤਿਆਗਣ ਦੇ ਬਰਾਬਰ ਕੋਈ ਪੁੰਨ ਨਹੀਂ ਹੈ। ਤਿੰਨਾਂ ਹੀ ਸਮਿਆਂ ਵਿਚ ਨਹੀਂ ਹੈ॥ ੫॥

**ਦੋਹਰਾ॥ ਸਤ ਕਰਤਾ ਉਪਦੇਸ਼ਟਾ ਉਪਕਰਤਾ ਅਨੁਮੰਤੁ।**

ਮਾਸ ਖਾਣਾ ਚਾਹੀਏ ਚੰਗੀ ਬਾਤ ਹੈ, ਮੁੱਲ ਮੈਂ ਲਿਆਵਾਂਗਾ, ਰਕਮ ਮੇਰੇ ਪਾਸੋਂ ਲੈ ਲਵੋ।

**ਘਾਤਕ ਸਵਾਦਿਕ ਖਸ਼ਟ ਇਹ ਅਘ ਸਮ ਭਾਗੀ ਜੰਤ॥ ੬॥**

ਮਾਰਾਂਗਾ ਮੈਂ, ਲੂਣ ਮੈਂ ਦੇਖਾਂਗਾ, ਇਹਨਾਂ ਛੇਆਂ ਦਾ ਪਾਪ ਇਕ ਸਮਾਨ ਹੈ॥ ੬॥

**ਰਕਤ ਬਿੰਦ ਕਰ ਸੰਭਵੇ ਜੋ ਨਰ ਭੁੰਚਿਤ ਮਾਸ।**

ਮਾਤਾ ਦੀ ਰਕਤ ਨਾਲ ਪਿਤਾ ਦੇ ਬੀਰਜ ਨਾਲ ਹੁੰਦੇ ਹਨ, ਪੁਰਸ਼ ਜਿਹੜਾ ਇਹਨਾਂ ਤੋਂ ਪੈਦਾ ਹੋਇਆ ਹੈ ਸਰੀਰ।

**ਨਰਕ ਪਰੇ ਨਿਕਸੈ ਨਹੀਂ ਯਾਵਤ ਇੰਦੁ ਵਿਭਾਸ॥ ੭॥**

ਉਸ ਨੂੰ ਜੋ ਖਾਣਗੇ ਉਹ ਨਰਕ ਵਿਚ ਪੈਣਗੇ, ਨਿਕਲਣਗੇ ਨਹੀਂ,

ਜਿਤਨਾ ਚਿਰ ਸੂਰਜ ਚੰਦਰਮਾਂ ਹੈ।। ੭।।

**ਸਰਬ ਸੁਕ੍ਰ ਬ੍ਰਹਮਾ ਅਹੈ ਬਿਸ਼ਨੂ ਪਲਦ ਪ੍ਰਕਾਸ਼।**

ਸਭ ਦਾ ਬੀਜ ਬ੍ਰਹਮਾ ਹੈ। ਸਭ ਦਾ ਮਾਸ ਵਿਸ਼ਨੂੰ ਹੈ।

**ਈਸ਼ਰ ਸਰਬ ਸੰਘਾਤ ਹੈ ਤਾਤੇ ਮਤ ਭਖ ਮਾਸ।। ੮।।**

ਜੋ ਹੱਡੀਆਂ ਹਨ ਸੋ ਸ਼ਿਵਜੀ ਹਨ, ਜੈਸੇ ਤਿੰਨ ਦੇਵਤੇ ਖਾਧੇ ਤੈਸੇ ਮਾਸ ਖਾਣਾ ਹੈ, ਤਾਂ ਤੇ ਮਾਸ ਨਾ ਖਾਓ।। ੮।।

**ਜਪ ਤਪ ਬ੍ਰਤ ਬ੍ਰਿਤ ਅਵਧ ਜਸ ਵਿਦਯਾ ਸੁਕੁਲ ਉਦਾਰ।**

ਜਪ ਤਪ ਬਰਤ ਰੱਖਣਾ, ਧਨ ਆਰਬਲਾ ਜੱਸ ਵਿੱਦਿਆ ਉੱਚੀ ਕੁਲ ਖੱਤਰੀ ਜਾਂ ਬ੍ਰਾਹਮਣ ਹੋਣਾ।

**ਸ਼ੀਘ੍ਰ ਕਟੈ ਗਨਿਕਾ ਸਕਲ ਜੈਸੇ ਲਤਾ ਕੁਠਾਰ।। ੯।।**

ਇਹਨਾਂ ਨੂੰ ਵੇਸਵਾ ਇਤਨੀ ਜਲਦੀ ਨਾਸ ਕਰਦੀ ਹੈ, ਜਿਸ ਤਰ੍ਹਾਂ ਬ੍ਰਿਖ ਨੂੰ ਕੁਹਾੜਾ ਕੱਟਦਾ ਹੈ।। ੯।।

**ਸੁਰਾ ਮਾਸ ਗਨਿਕਾ ਤ੍ਰਿਤੀ ਮਨ ਕਾ ਮਣਕਾ ਜਾਸ।**

ਸ਼ਰਾਬ ਪੀਣਾ, ਮਾਸ ਖਾਣਾ, ਵੇਸਵਾ ਪਾਸ ਜਾਣਾ, ਇਹਨਾਂ ਨੂੰ ਜੋ ਮਨ ਵਿਚ ਮਾਲਾ ਸਮਾਨ ਯਾਦ ਰੱਖਦਾ ਹੈ।

**ਤਿਨ ਸੰਗੇ ਦੁਖ ਹੋਤ ਹੈ ਤਿਨ ਸੰਗੇ ਦੁਖ ਨਾਸ।। ੧੦।।**

ਉਸ ਦੀ ਸੰਗਤ ਕਰਨ ਨਾਲ ਦੁੱਖ ਹੁੰਦਾ ਹੈ ਅਤੇ ਜੇ ਇਹਨਾਂ ਤੋਂ ਹਟ ਜਾਈਏ ਤਾਂ ਸੁਖ ਮਿਲਦਾ ਹੈ।। ੧੦।।

**ਕੁਲ ਖੈ ਕਲਹਿ ਕਲੇਸ਼ ਉਰ ਧਨ ਹਤ ਧਰਮ ਪ੍ਰਹਾਰ।**

ਕੁਲ ਦਾ ਨਾਸ ਹੁੰਦਾ ਹੈ, ਲੜਾਈ ਹੁੰਦੀ ਹੈ, ਰਿਦੇ ਵਿਚ ਦੁੱਖ ਹੁੰਦਾ ਹੈ ਅਤੇ ਧਨ ਦਾ ਨਾਸ ਹੁੰਦਾ ਹੈ। ਧਰਮ ਦਾ ਨਾਸ ਹੁੰਦਾ ਹੈ।

**ਇਤ ਉਤ ਅਪਜਸ ਲਭਤ ਸਠ, ਜੋ ਭੋਗਤ ਪਰ ਨਾਰਿ।। ੧੧।।**

ਜਿਤਨਾ ਚਿਰ ਸੂਰਜ ਚੰਦਰਮਾਂ ਹੈ।। ੭।।

**ਸਰਬ ਸੁਕ੍ਰ ਬ੍ਰਹਮਾ ਅਹੈ ਬਿਸ਼ਨੂ ਪਲਦ ਪ੍ਰਕਾਸ਼।**

ਸਭ ਦਾ ਬੀਜ ਬ੍ਰਹਮਾ ਹੈ। ਸਭ ਦਾ ਮਾਸ ਵਿਸ਼ਨੂੰ ਹੈ।

**ਈਸ਼ਰ ਸਰਬ ਸੰਘਾਤ ਹੈ ਤਾਤੇ ਮਤ ਭਖ ਮਾਸ।। ੮।।**

ਜੋ ਹੱਡੀਆਂ ਹਨ ਸੋ ਸ਼ਿਵਜੀ ਹਨ, ਜੈਸੇ ਤਿੰਨ ਦੇਵਤੇ ਖਾਧੇ ਤੈਸੇ ਮਾਸ ਖਾਣਾ ਹੈ, ਤਾਂ ਤੇ ਮਾਸ ਨਾ ਖਾਓ।। ੮।।

**ਜਪ ਤਪ ਬ੍ਰਤ ਬ੍ਰਿਤ ਅਵਧ ਜਸ ਵਿਦਯਾ ਸੁਕੁਲ ਉਦਾਰ।**

ਜਪ ਤਪ ਬਰਤ ਰੱਖਣਾ, ਧਨ ਆਰਬਲਾ ਜੱਸ ਵਿੱਦਿਆ ਉੱਚੀ ਕੁਲ ਖੱਤਰੀ ਜਾਂ ਬ੍ਰਾਹਮਣ ਹੋਣਾ।

**ਸ਼ੀਘ੍ਰ ਕਟੈ ਗਨਿਕਾ ਸਕਲ ਜੈਸੇ ਲਤਾ ਕੁਠਾਰ।। ੯।।**

ਇਹਨਾਂ ਨੂੰ ਵੇਸਵਾ ਇਤਨੀ ਜਲਦੀ ਨਾਸ ਕਰਦੀ ਹੈ, ਜਿਸ ਤਰ੍ਹਾਂ ਬ੍ਰਿਖ ਨੂੰ ਕੁਹਾੜਾ ਕੱਟਦਾ ਹੈ।। ੯।।

**ਸੁਰਾ ਮਾਸ ਗਨਿਕਾ ਤ੍ਰਿਤੀ ਮਨ ਕਾ ਮਣਕਾ ਜਾਸ।**

ਸ਼ਰਾਬ ਪੀਣਾ, ਮਾਸ ਖਾਣਾ, ਵੇਸਵਾ ਪਾਸ ਜਾਣਾ, ਇਹਨਾਂ ਨੂੰ ਜੋ ਮਨ ਵਿਚ ਮਾਲਾ ਸਮਾਨ ਯਾਦ ਰੱਖਦਾ ਹੈ।

**ਤਿਨ ਸੰਗੇ ਦੁਖ ਹੋਤ ਹੈ ਤਿਨ ਸੰਗੇ ਦੁਖ ਨਾਸ।। ੧੦।।**

ਉਸ ਦੀ ਸੰਗਤ ਕਰਨ ਨਾਲ ਦੁੱਖ ਹੁੰਦਾ ਹੈ ਅਤੇ ਜੋ ਇਹਨਾਂ ਤੋਂ ਹਟ ਜਾਈਏ ਤਾਂ ਸੁਖ ਮਿਲਦਾ ਹੈ।। ੧੦।।

**ਕੁਲ ਖੈ ਕਲਹਿ ਕਲੇਸ਼ ਉਰ ਧਨ ਹਤ ਧਰਮ ਪ੍ਰਹਾਰ।**

ਕੁਲ ਦਾ ਨਾਸ ਹੁੰਦਾ ਹੈ, ਲੜਾਈ ਹੁੰਦੀ ਹੈ, ਰਿਦੇ ਵਿਚ ਦੁੱਖ ਹੁੰਦਾ ਹੈ ਅਤੇ ਧਨ ਦਾ ਨਾਸ ਹੁੰਦਾ ਹੈ। ਧਰਮ ਦਾ ਨਾਸ ਹੁੰਦਾ ਹੈ।

**ਇਤ ਉਤ ਅਪਜਸ ਲਭਤ ਸਠ, ਜੋ ਭੋਗਤ ਪਰ ਨਾਰਿ।। ੧੧।।**

ਲੋਕ ਪਰਲੋਕ ਵਿਚ ਨਿੰਦਿਆ ਹੁੰਦੀ ਹੈ, ਜੋ ਮੂਰਖ ਪਰਾਈ ਇਸਤਰੀ ਨੂੰ ਭੋਗਦਾ ਹੈ।। ੧੧।।

**ਨਿਜ ਯੁਵਤੀ ਕੇ ਹੇਤ ਹੀ ਸਨ ਲਪਟਹਿ ਪਰ ਨਾਰਿ।**

ਆਪਣੀ ਇਸਤਰੀ ਦੇ ਹੁੰਦਿਆਂ ਜੋ ਪੁਰਖ ਪਰ-ਇਸਤਰੀ ਭੋਗਦੇ ਹਨ ਉਹ ਕੈਸੇ ਹਨ।

**ਭਰੇ ਤਾਲ ਸਭ ਠੌਰ ਪਰ ਕਾਕ ਅਚੈ ਘਟ ਵਾਰਿ।। ੧੨।।**

ਜੈਸੇ ਸਭ ਜਗ੍ਹਾ ਮੇਂ ਜਲ ਕੇ ਤਲਾਬ ਭਰੇ ਹੋਏ ਹਨ, ਨੀਚ ਕਾਂ ਘੜੇ ਵਿਚੋਂ ਜਲ ਪੀਂਦਾ ਹੈ।। ੧੨।।

**ਮ੍ਰਿਗ ਝਖ ਸੰਤਨ ਵਿਹਤ ਬ੍ਰਿਤ ਤ੍ਰਿਣ ਸਿਬਾਲ ਸੰਤੋਖ।**

ਹਰਨ ਦਾ ਖਾਣਾ ਘਾਸ ਹੈ, ਮੱਛੀ ਦਾ ਖਾਣਾ ਜਲ ਕਾ ਸਿਬਾਲ, ਸੰਤਾਂ ਕਾ ਅਹਾਰ ਸੰਤੋਖ ਹੈ, ਇਹ ਜੀਆਂ ਕੋ ਨਹੀਂ ਦੁੱਖ ਦੇਤੇ।

**ਲੁਭਧਕ ਝੀਵਰ ਦੁਸ਼ਟ ਜਨ, ਕਰਹਿੰ ਅਕਾਰਣ ਦੋਖ।। ੧੩।।**

ਸ਼ਿਕਾਰੀ ਹਰਨ ਕੋ ਮਾਰਤਾ ਹੈ, ਫੰਧਕ ਮੱਛੀ ਕੋ ਮਾਰਤਾ ਹੈ, ਸੰਤਾਂ ਨੂੰ ਦੁਸ਼ਟ ਦੁੱਖ ਦੇਂਦੇ ਹਨ, ਤਿਨ੍ਹਾਂ ਕੋ ਨਿਰਦੋਸ਼ ਦੁੱਖ ਦੇਂਦੇ ਹਨ।। ੧੩।।

**ਛਪੈ ਛੰਦ।।ਜੂਪ ਸੰਗ ਤੇ ਧਰਮ ਤਾਤ ਅਤਿ ਬਿਪਤ ਲਹੀ ਬਨ।**

ਜੂਆ ਖੇਡਣ ਸੇ ਪਾਂਡਵਾਂ ਨੇ ਬਾਰ੍ਹਾਂ ਸਾਲ ਬਨ ਵਿਚ ਬਿਪਤਾ ਕੱਟੀ।

**ਮਾਸ ਸੰਗ ਇਕ ਭੂਪ ਭਯੋ ਬਕ ਦਯੋ ਸ੍ਰਾਪ ਮੁਨਿ।**

ਮਾਸ ਦੇ ਖਾਣ ਵਾਸਤੇ ਇਕ ਰਾਜਾ ਸ਼ਿਕਾਰ ਨੂੰ ਗਿਆ। ਉਸ ਬਨ ਵਿਚ ਰਿਖੀ ਸੀ, ਉਸ ਜੀਵ ਹੱਤਿਆ ਦੇਖ ਰਾਜਾ ਕੋ ਸ਼ਰਾਪ ਦਿੱਤਾ ਕਿ ਜਾਹ ਦੁਸ਼ਟ ਬਗਲਾ ਬਣ ਜਾ।

**ਯਾਦਵ ਨੰਦਨ ਨਾਸ ਭਏ ਮਦ ਪਾਨ ਕਰਿਓ ਜਬ।**

ਸ਼ਰਾਬ ਦੇ ਪੀਣ ਨਾਲ ਯਾਦਵ ਨਾਸ ਹੋਏ, ਭਾਵ ਸ਼ਰਾਬ ਪੀ ਪੀ ਕਰ ਆਪੋ ਵਿਚ ਹੀ ਕੱਟ ਕੱਟ ਕੇ ਮਰ ਗਏ।

**ਕ੍ਰੀਚਕ ਥੇ ਸੌ ਭ੍ਰਾਤ ਕਾਮ ਕਰ ਨਾਸ ਭਏ ਸਬ।**

ਕ੍ਰੀਚਕ ਸੌ ਭਰਾ ਸੀ ਵੈਰਾਟ ਰਾਜੇ ਦੇ, ਸਾਲੇ ਦੀ ਦਰੋਪਤੀ ਨੇ ਜੋ ਪਰਾਈ ਇਸਤਰੀ ਸੀ, ਉਸ ਨੇ ਨਾਸ ਕਰਾਏ।

**ਨ੍ਰਿਪ ਮ੍ਰਿਗਯਾ ਪ੍ਰੀਖਤ ਹਤਿਓ ਚੋਰੀ ਕਰ ਸ਼ਿਵ ਭੂਪ ਹਤਿ।**

ਸ਼ਿਕਾਰ ਖੇਡਨੇ ਕਰਕੇ ਪ੍ਰੀਛਤ ਰਾਜਾ ਰਿਖੀ ਕੇ ਸਰਾਪ ਸੇ ਨਾਸ ਹੋਇਆ ਹੈ, ਸ਼ਿਵੀ ਰਾਜੇ ਉਪਰ ਕੋਈ ਵੱਡਾ ਰਾਜਾ ਚੜ੍ਹਾਈ ਕਰਕੇ ਆਇਆ ਸੀ, ਰਾਜੇ ਸ਼ਿਵੀ ਨੇ ਪੰਡਤ ਸੇ ਪੂਛਾ ਜੀਤ ਹੋਗੀ, ਪੰਡਤ ਨੇ ਕਹਾ ਦੁਸ਼ਮਨ ਕੀ ਤੁਮ ਪੂਜਾ ਕਰੋ, ਵੋਹ ਰਾਜਾ ਸ਼ਿਵੀ ਤੇ ਪੱਕੀ ਪੂਜਾ ਕਰਕੇ ਗਿਆ, ਦੁਸ਼ਮਨ ਦੇ ਪਹਿਰਿਆਂ ਨੇ ਪਕੜ ਕੇ ਮਾਰ ਦੀਆ, ਚੋਰੀ ਸੇ ਰਾਜਾ ਸ਼ਿਵੀ ਮਰਾ ਹੈ।

**ਪੁਨ ਪਰ ਨਾਰੀ ਕੀ ਪ੍ਰੀਤ ਕਰ ਸੀਸ ਦਏ ਦਸ ਲੰਕ ਪਤਿ।। ੧੪।।**

ਪਰਾਈ ਇਸਤਰੀ ਸੇ ਪਰੀਤੀ ਕਰਨੇ ਸੇ ਰਾਵਣ ਮੋਇਆ।। ੧੪।।

**ਦੋਹਰਾ।। ਇਕ ਇਕ ਕੀ ਸੰਗਤ ਕੀਏ ਭਏ ਨਰੋਤਮ ਨਾਸ।**

ਇਹ ਜੋ ਇਕ-ਇਕ ਵਿਸ਼ੇ ਪਿਛੇ ਦੱਸੇ ਹਨ ਤਿਨ੍ਹਾਂ ਦੀ ਸੰਗਤ ਕਰਕੇ ਨਾਸ ਹੋਏ ਹਨ। ਭਾਵੇਂ ਪੁਰਸ਼ਾਂ ਵਿਚ ਉਹ ਉੱਤਮ ਹੀ ਸਨ।

**ਜਾ ਮੈ ਸਾਤੋਂ ਵਯਸਨ ਹੈਂ ਕਥਾ ਕਹੇ ਕੋ ਤਾਸ।। ੧੫।।**

ਜਿਸ ਪੁਰਖ ਵਿਚ ਸੱਤ ਵਿਸ਼ੇ ਹਨ ਉਸ ਦੀ ਕਥਾ ਕੀ ਕਹਿਣੀ ਹੈ।। ੧੫।।

**ਚੌਦਸ ਦੋਹੇ ਇਕ ਛਪਾ ਤੋਟਕ ਏਕ ਬਤਾਇ।**

ਚੌਦਾਂ ਦੋਹਰੇ, ਇਕ ਛਪਾ, ਇਕ ਤੋਟਕ ਕਿਹਾ ਹੈ।

**ਪੰਦਰਾਂ ਕਹੇ ਸਲੋਕ ਸਭ ਲੋਕ ਪ੍ਰਲੋਕ ਸਹਾਇ।।**

ਸਾਰੇ ਪੰਦਰਾਂ ਸਲੋਕ ਹਨ, ਇਹ ਲੋਕ ਪ੍ਰਲੋਕ ਵਿਚ ਸਹਾਇਤਾ ਕਰਨ ਵਾਲੇ ਹਨ।

**ਇਤਿ ਸ੍ਰੀ ਸਾਰੁਕਤਾਵਲੀ ਤਿਹ ਦਵਾਦਸ ਅਧਯਾਇ।**
**ਸਪਤ ਵਯਸਨ ਵਰਨਨ ਕਰੇ ਕਵਿ ਹਰਦਿਆਲ ਬਨਾਇ।।**

ਇਤਿ ਸ੍ਰੀ ਸਾਰੁਕਤਾਵਲੀ ਟੀਕਾ ਇਸ ਬਾਰ੍ਹਵੇਂ ਅਧਿਆਇ ਵਿਚ ਵਿਸ਼ਿਆਂ ਦਾ ਵਰਨਣ ਕੀਤਾ ਹੈ।। ੧੨।।

## ਅਥ ਤੇਰ੍ਹਵਾਂ ਅਧਿਆਇ

**ਦੋਹਰਾ।। ਅਥ ਤ੍ਰੌਦਸ ਅਧਯਾਇ ਮੈ ਇੰਦ੍ਰੀਯ ਵਿਖਯਨ ਨਿੰਦ।**

ਇਸ ਤੇਰ੍ਹਵੇਂ ਅਧਿਆਇ ਵਿਚ ਇੰਦ੍ਰੀਆਂ ਦੇ ਵਿਸ਼ਿਆਂ ਦੀ ਨਿੰਦਾ ਕਰਾਂਗੇ।

**ਦੁਰਜਨ ਕੀ ਨਿੰਦਾ ਕਰੈ ਕਹਿਕੇ ਤੇਈ ਛੰਦ।।**

ਅਤੇ ਖੋਟਿਆਂ ਪੁਰਸ਼ਾਂ ਦੀ ਨਿੰਦਿਆ ਕਰਾਂਗੇ। ਸਭ ਤੇਈ ਛੰਦ ਕਹਾਂਗੇ।

**ਕਾਮ ਬਰੋਬਰ ਬਯਾਧ ਨਹਿ ਸਤ੍ਰ ਨ ਮੋਹ ਸਮਾਨ।**

ਕਾਮ ਦੇ ਸਮਾਨ ਕੋਈ ਰੋਗ ਨਹੀਂ ਹੈ। ਮੋਹ ਦੇ ਸਮਾਨ ਕੋਈ ਵੈਰੀ ਨਹੀਂ ਹੈ।

**ਆਨ ਅਗਨਿ ਨਹਿ ਕ੍ਰੋਧ ਸਮ ਸੁਖ ਨ ਸਮਾਨ ਗਿਆਨ।। ੧।।**

ਕਰੋਧ ਦੇ ਸਮਾਨ ਕੋਈ ਅਗਨੀ ਨਹੀਂ ਹੈ। ਗਿਆਨ ਦੇ ਸਮਾਨ ਕੋਈ ਸੁਖ ਨਹੀਂ ਹੈ।। ੧।।

**ਕਰੀ ਕਾਮ ਅਮਿਖ ਮਤਸ ਮ੍ਰਿਗ ਸਰ ਰੂਪ ਪਤੰਗ।**

ਹਾਥੀ ਕਾਮ ਕਰਕੇ ਮਰਦਾ ਹੈ, ਭਾਵ ਕਾਗਜ਼ ਦੀ ਹਸਤਨੀ ਤੇ ਮੋਹਤ ਹੁੰਦਾ ਹੈ ਤਾਂ ਖੂਹ ਵਿਚ ਜਾ ਪੈਂਦਾ ਹੈ, ਤਾਂ ਫੰਧਕਾਂ ਤੋਂ ਮਾਰ ਖਾਂਦਾ ਹੈ। ਮੱਛੀ ਮਾਸ ਖਾਣੇ ਸੇ ਕੁੰਡੀ ਵਿਚ ਫਸਦੀ ਹੈ। ਹਰਨ ਘੰਡੇ-ਹੇੜੇ ਦਾ ਸ਼ਬਦ ਸੁਣ ਕੇ ਮਾਰਿਆ ਜਾਂਦਾ ਹੈ। ਰੂਪ ਦੇਖ ਕੇ ਪਤੰਗਾ ਸੜ ਮਰਦਾ ਹੈ।

**ਅਲਿ ਸੁਗੰਧ ਇਤਿਯਾਦਿ ਹਤ ਇਕ ਇਕ ਇੰਦ੍ਰਯ ਸੰਗ।। ੨।।**

ਭੰਵਰਾ ਸੁਗੰਧ ਲੈਂਦਾ ਹੀ ਮਾਰਿਆ ਜਾਂਦਾ ਹੈ। ਇਸ ਤੋਂ ਆਦਿ ਲੈ ਕੇ ਜੋ ਨਾਸ ਹੁੰਦੇ ਹਨ ਇਕ-ਇਕ ਇੰਦਰੇ ਦੇ ਸੰਗ ਕਰਕੇ॥ ੨॥

**ਸ੍ਰੂਰ ਸਪਰਸ਼ ਰਸ ਰੂਪ ਗੰਧ ਪਾਂਚੋਂ ਕਾਰਣ ਨਾਸ॥**

ਕੰਨ ਨਾਲ ਸ਼ਬਦ ਸੁਣਨੇ ਕਾ ਵਿਸ਼ਾ, ਗਲ ਨਾਲ ਲਗ ਕੇ ਮਿਲਣੇ ਕਾ ਰਸ, ਰੂਪ ਦੇਖਣਾ, ਰਸਨਾ ਦਾ ਰਸ, ਏਹ ਪੰਜ ਹੀ ਨਾਸ ਦਾ ਕਾਰਨ ਹਨ।

**ਜੋ ਜਨ ਪਾਂਚੋਂ ਵਸ ਭਏ ਕਥਾ ਕਹੇ ਕੋ ਤਾਸ॥ ੩॥**

ਜੋ ਪੁਰਖ ਇਹਨਾਂ ਪੰਜਾਂ ਵਿਸ਼ਿਆਂ ਦੇ ਵੱਸ ਹੋਏ ਹਨ, ਉਹਨਾਂ ਦੀ ਦਸ਼ਾ ਕੀ ਕਹਿਣੀ ਹੈ॥ ੩॥

**ਦੁਰਜਨ ਸੰਗ ਨ ਕੀਜੀਏ ਬਚਨ ਨ ਤਾਂਹਿ ਬਖਾਨ।**

ਖੋਟੇ ਪੁਰਖਾਂ ਦਾ ਸੰਗ ਭੀ ਨਹੀਂ ਕਰਨਾ ਚਾਹੀਏ, ਉਸ ਨਾਲ ਬਚਨ ਭੀ ਨਾ ਕਰੀਏ।

**ਕਰ ਕਲਾਲਣੀ ਦੁਗਧ ਭੀ ਪਰ ਤਿਹ ਸਭ ਮਦ ਜਾਨ॥ ੪॥**

ਜੈਸੇ ਕਲਾਲਣੀ ਦੇ ਹੱਥ ਵਿਚ ਦੁੱਧ ਭੀ ਹੋਵੇ ਤਾਂ ਭੀ ਸਭ ਕੋਈ ਸ਼ਰਾਬ ਹੀ ਜਾਣਦਾ ਹੈ॥ ੪॥

**ਸੋਰਠਾ॥ ਤੂੰਡ ਦੁਸ਼ਟ ਮਿਰਦੰਗ, ਪਿੰਡ ਤੂੰਡ ਮੈ ਜਬ ਪਰੇ।**

ਨਿੰਦਕ ਪੁਰਸ਼ ਦਾ ਤੇ ਤਬਲਾ ਬਜਾਨੇ ਵਾਲਾ ਦੋਵੇਂ ਇਕ ਸਮਾਨ ਹਨ। ਜੈਸੇ ਤਬਲੇ ਉਪਰ ਆਟਾ ਲਾਈਏ ਤਾਂ ਅੱਛਾ ਵੱਜਦਾ ਹੈ, ਨਾ ਲਾਈਏ ਤਾਂ ਠੀਕ ਨਹੀਂ ਵੱਜਦਾ।

**ਤਬ ਲਗ ਬੋਲਤ ਚੰਗ ਨਾ ਤਰ ਨਿੰਦਕੁ ਰਸ ਕਰੈ॥ ੫॥**

ਐਸੇ ਹੀ ਨਿੰਦਕ ਹੈ, ਉਸ ਨੂੰ ਜਿੰਨਾ ਚਿਰ ਕੁਛ ਦੇਂਦੇ ਰਹੋ ਤਾਂ ਉਸਤਤ ਕਰਦਾ ਹੈ, ਨਹੀਂ ਤੇ ਨਿੰਦਾ ਕਰਦਾ ਹੈ॥ ੫॥

**ਦੋਹਰਾ॥ ਯੱਦਪਿ ਵਕਤਾ ਸਰਬ ਵਿਤ ਅਰੁ ਸ੍ਰੋਤਾ ਖਲ ਹੋਇ।**

ਯਦਪਿ ਗੁਰੂ ਗਿਆਨਵਾਨ ਹੋਵੇ ਅਤੇ ਪੜ੍ਹਨੇ ਵਾਲਾ ਜਾਂ ਸੁਣਨ ਵਾਲਾ ਮੂਰਖ ਹੋਵੇ ਤਾਂ।

**ਬਚਨ ਫਲੇ ਨਹਿ ਤਾਸ ਮਨ ਜੋ ਅਨੇਕ ਜੁਗ ਖੋਇ।। ੬।।**

ਗੁਰੂ ਦੇ ਬਚਨ ਸਿੱਖ ਦੇ ਮਨ ਵਿਚ ਨਹੀਂ ਬੈਠਣਗੇ, ਅਨੇਕ ਜੁੱਗ ਗੁਰੂ ਸਿੱਖ ਨੂੰ ਬਚਨ ਕਰੇ।। ੬।।

**ਜੈਸੇ ਸੁੰਦਰ ਸੁੰਦਰੀ ਖੋੜਸ ਕਰੈ ਸਿੰਗਾਰ।**

ਭਾਵੇਂ ਸੁੰਦਰ ਇਸਤਰੀ ਸੋਲਾਂ ਸ਼ਿੰਗਾਰ ਕਰੇ।

**ਤੱਦਪਿ ਨਿਹਫਲ ਸਰਬ ਹੀ ਜੌ ਦ੍ਰਿਗ ਬਿਨ ਭਰਤਾਰ।। ੭।।**

ਸਭ ਨਿਸਫਲ ਹਨ ਜਿਸ ਇਸਤਰੀ ਦਾ ਪਤੀ ਅੰਨ੍ਹਾ ਹੋਵੇ।। ੭।।

**ਦਾਦੁਰ ਕਰ ਕੁਖ ਭਰਣ ਮੈ ਤਤਪਰ ਨਾਗ ਅਨੇਕ।।**

ਡੱਡੂ ਮਾਰ ਕੇ ਪੇਟ ਭਰਨ ਵਾਲੇ ਬਹੁਤ ਸਰਪ ਹਨ।

**ਸਮਰੱਥ ਧਰਨੀ ਧਰਨ ਮੈ ਸੇਖ ਨਾਗ ਹੀ ਏਕ।। ੮।।**

ਅਤੇ ਧਰਤੀ ਨੂੰ ਉਠਾਣ ਵਾਲਾ ਸ਼ੇਸ਼ਨਾਗ ਇਕੋ ਹੀ ਹੈ।। ੮।।

**ਉਦਰ ਭਰਨ ਤਤਪਰ ਭਏ ਭੇਖੀ ਸੰਤ ਅਨੰਤ।**

ਪੇਟ ਭਰਨ ਵਾਲੇ ਪਖੰਡੀ ਸਾਧੂ ਬਹੁਤ ਹਨ।

**ਜਗਤ ਜਲਧ ਕੇ ਤਰਣ ਮੈ ਵਿਰਲਾ ਕੋਇਕ ਸੰਤ।। ੯।।**

ਜਗਤ ਰੂਪੀ ਸਮੁੰਦਰ ਤੋਂ ਤਰਨ ਵਾਲਾ ਕੋਈ ਵਿਰਲਾ ਹੀ ਹੋਵੇਗਾ।। ੯।।

**ਨਿੰਦਕ ਕ੍ਰਿਤਘਨ ਪਿਸਨ ਜਨ ਯੁਤ ਜਿਹ ਕ੍ਰੋਧ ਬਿਸਾਲ।**

ਨਿੰਦਿਆ ਕਰਨ ਵਾਲਾ, ਕੀਤਾ ਨਾ ਜਾਣਨ ਵਾਲਾ, ਚੁਗਲੀਆਂ ਕਰਨ ਵਾਲਾ, ਬਹੁਤੇ ਗੁੱਸੇ ਵਾਲੇ।

**ਚਾਰੋਂ ਕਰਮੋਂ ਕੇ ਸ੍ਵਪਚ ਪੰਚਮ ਜਾਤ ਚੰਡਾਲ।। ੧੦।।**

ਇਹ ਚਾਰੇ ਕਰਮਾਂ ਦੇ ਚੰਡਾਲ ਹਨ ਅਤੇ ਪੰਜਵਾਂ ਚੰਡਾਲ ਭੰਗੀ ਹੈ, ਉਹ ਮਲੇਛ ਹੀ ਹੈ।। ੧੦।।

**ਸਰਪ ਕ੍ਰੂਰ ਖਲ ਕ੍ਰੂਰ ਹੈ ਸਰਪਨ ਤੇ ਖਲ ਕ੍ਰੂਰ।।**

ਸਰਪ ਬੜਾ ਸਖਤ ਹੈ, ਪਰ ਸਰਪ ਨਾਲੋਂ ਮੂਰਖ ਵਧੀਕ ਸਖਤ ਹੈ।

**ਮੰਤ੍ਰੌਖਧਿ ਕਰ ਸਰਪ ਵਸ ਖਲ ਕੋ ਮੰਤ੍ਰ ਨ ਮੂਰ।। ੧੧।।**

ਸਰਪ ਜੋ ਹੈ ਮੰਤ੍ਰਾਂ ਅਤੇ ਬੂਟੀਆਂ ਨਾਲ ਵੱਸ ਹੋ ਜਾਂਦਾ ਹੈ, ਮੂਰਖ ਜੋ ਹੈ ਨਾ ਉਸ ਦਾ ਕੋਈ ਮੰਤਰ ਹੈ, ਨਾ ਬੂਟੀ ਹੈ।। ੧੧।।

**ਸੰਗ ਦੋਖ ਕਰ ਸੰਤ ਜਨ ਕਬੀ ਨ ਵਿਕ੍ਰਯ ਧਾਰ।**

ਜੋ ਮਹਾਤਮਾ ਪੁਰਖ ਹਨ ਉਹ ਮੂਰਖਾਂ ਦੀ ਸੰਗਤ ਕਰਨ ਪਰ ਭੀ ਉਹਨਾਂ ਦੇ ਔਗੁਣ ਨਹੀਂ ਧਾਰਨ ਕਰਦੇ।

**ਚੰਦਨ ਨਾਗਨ ਕਰ ਢਪਯੋ ਤੱਦਪਿ ਧਰੇ ਨ ਮਾਰ।। ੧੨।।**

ਜੈਸੇ ਚੰਦਨ ਨੂੰ ਸਰਪ ਡਸ ਲੈਣ ਤਾਂ ਚੰਦਨ ਉਸ ਦੀ ਵਿਖ ਨਹੀਂ ਧਾਰਦਾ, ਭਾਵ ਚੰਦਨ ਤੇ ਸਰਪ ਦੇ ਡੰਗ ਦਾ ਕੋਈ ਅਸਰ ਨਹੀਂ ਹੁੰਦਾ।। ੧੨।।

**ਨੀਚਨ ਪਰ ਉਪਕਾਰ ਜੋ ਕੋਪ ਹੋਤ ਨਹਿ ਸਾਂਤ।**

ਮੂਰਖ ਪੁਰਸ਼ ਉਪਰ ਜੋ ਉਪਕਾਰ ਕਰਨਾ ਹੈ, ਕ੍ਰੋਧ ਦਾ ਕਾਰਨ ਹੈ, ਸ਼ਾਂਤੀ ਨਹੀਂ ਮਿਲਦੀ।

**ਜਿਉਂ ਸਰਪਨ ਪੈ ਪਾਨ ਭੀ ਕੇਵਲ ਵਿਖ ਵਰਧਾਂਤ।। ੧੩।।**

ਜੈਸੇ ਸਰਪ ਕੋ ਦੁੱਧ ਪਿਲਾਈਏ ਤਾਂ ਭੀ ਵਿਖ ਵਾਰੇਗਾ।। ੧੩।।

**ਦ੍ਵੈ ਕਰ ਦ੍ਵੈ ਪਗ ਆਹਿ ਤਵ ਦਿਸਯਤ ਪੁਰਖ ਅਕਾਰ।**

ਇਕ ਦਿਨ ਬਰਖਾ ਹੂਈ, ਏਕ ਬਾਂਦਰ ਵਹਾਂ ਚਲਾ ਆਤਾ ਥਾ, ਏਕ ਚਿੜੀ ਬੋਲੀ ਹੇ ਭਾਈ ਦੋ ਤੇਰੇ ਹੱਥ ਹਨ, ਦੋ ਤੇਰੇ ਪੈਰ ਹਨ, ਮਨੁੱਖ ਕੇ ਸਮਾਨ ਤੇਰਾ ਸਰੀਰ ਹੈ, ਭਾਵ ਤੂੰ ਆਦਮੀ ਜੈਸਾ ਹੈਂ।

**ਸੀਤ ਵਾਤ ਕੇ ਘਾਤ ਹਿਤ ਕਯੋਂ ਨਹਿ ਕਰੋ ਅਗਾਰ॥ ੧੪॥**

ਤੂੰ ਹਵਾ ਕੋ ਹਟਾਨੇ ਵਾਸਤੇ ਘਰ ਕਿਉਂ ਨਹੀਂ ਬਣਾਉਂਦਾ, ਭਾਵ ਪਾਲੇ ਅਤੇ ਪੌਣ ਦੇ ਦੂਰ ਕਰਨ ਵਾਸਤੇ ਸਾਡੇ ਵਾਂਗ ਘਰ ਕਿਉਂ ਨਹੀਂ ਬਣਾਉਂਦਾ॥ ੧੪॥

**ਸੂਚੀ ਮੁਖ ਵਿਭਚਾਰਨੀ ਰੰਡੇ ਪੰਡਿਤ ਗਾਰ।**

ਬਾਂਦਰ ਬੋਲਿਆਂ ਹੇ ਸੂਈ ਦੇ ਸਮਾਨ ਦੰਦ ਵਾਲੀ, ਖੋਟੇ ਕੰਮ ਕਰਨ ਵਾਲੀ, ਹੇ ਰੰਡੀ ਸਾਡੇ ਪੰਡਤਾਂ ਨਾਲ ਲੜਦੀ ਹੈਂ ਭਾਵ ਮੈਨੂੰ ਉਪਦੇਸ਼ ਦੇਨੀ ਏਂ।

**ਨਾਹਿ ਬਲ ਨਿਜ ਗ੍ਰਿਹਿ ਰਚਨ ਮੈ ਸਮਰਥ ਹਤ ਤਵ ਦ੍ਵਾਰ॥ ੧੫॥**

ਆਪਣੇ ਘਰ ਬਨਾਉਣ ਦਾ ਜ਼ੋਰ ਮੇਰੇ ਵਿਚ ਨਹੀਂ ਹੈ, ਪਰ ਤੇਰਾ ਘਰ ਤੋੜਨ ਨੂੰ ਮੈਂ ਤੱਕੜਾ ਹਾਂ॥ ੧੫॥

**ਜੈਸੇ ਕੈਸੇ ਪੁਰਖ ਕੋ ਦੈ ਉਪਦੇਸ਼ ਨ ਸੰਤ।**

ਤਾਂਤੇ ਜੋ ਮਹਾਤਮਾ ਪੁਰਖ ਹੈਂ ਅਧਿਕਾਰੀ, ਅਨ-ਅਧਿਕਾਰੀ ਦੇਖ ਕੇ ਹੀ ਉਪਦੇਸ਼ ਦੇਵੇਂ।

**ਮੂਰਖ ਕਪ ਬਿਨ ਗ੍ਰਿਹਿ ਕਰੀ ਚਟਕਾ ਜੋ ਗ੍ਰਿਹਿਵੰਤ॥ ੧੬॥**

ਜੈਸੇ ਮੂਰਖ ਬਾਂਦਰ ਨੇ ਗਰੀਬਣੀ ਚਿੜੀ ਕੇ ਘਰ ਨੂੰ ਤੋੜ ਦਿਤਾ ਤੇ ਉਹ ਮਰ ਗਈ॥ ੧੬॥

**ਊਚੇ ਥਿਤ ਉਚੋ ਨਹੀਂ ਊਚੇ ਗੁਨ ਕਰ ਹੋਇ।**

ਉਚੀ ਜਗ੍ਹਾ ਬੈਠਣ ਨਾਲ ਪੁਰਖ ਉੱਚਾ ਨਹੀਂ ਹੁੰਦਾ ਭਾਵ ਉੱਚਾ ਗੁਣ ਕਰਕੇ ਹੁੰਦਾ ਹੈ।

**ਕਾਕ ਅਟਾਰੀ ਪਰ ਬਹੈ ਪਰ ਕਿਆ ਖਗਪਤਿ ਸੋਇ॥ ੧੭॥**

ਜੈਸੇ ਕਾਂ ਉਚੇ ਮਹਿਲ ਦੀ ਅਟਾਰੀ ਤੇ ਬੈਠਣ ਨਾਲ ਗਰੜ ਨਹੀਂ ਹੋ ਜਾਂਦਾ॥ ੧੭॥

**ਨੀਚਨ ਕੀ ਸੰਗਤ ਕਰੈ ਨਸੇ ਬੇਗ ਬੈਰਾਗ।**

ਨੀਚ ਪੁਰਖ ਦਾ ਸੰਗ ਕਰਨ ਨਾਲ ਛੇਤੀ ਵੈਰਾਗ ਦੂਰ ਹੋ ਜਾਂਦਾ ਹੈ।

**ਪਰਾਧੀਨ ਭੀ ਸੁਖ ਨਸੇ ਅੱਭ੍ਰ ਛਾਇ ਤ੍ਰਿਣ ਆਗ।। ੧੮।।**

ਪਰਾਧੀਨ ਕਾ ਸੁਖ ਭਾਵ ਪਰਾਏ ਵੱਸ ਰਹਿਣ ਨਾਲ ਸੁਖ ਨਾਸ ਹੋਤਾ ਹੈ, ਜੈਸੇ ਬੱਦਲ ਦੀ ਛਾਯਾ ਤੇ ਕੱਖਾਂ ਦੀ ਅਗਨੀ ਸਮਾਨ ਹੈ।। ੧੮।।

*ਕਬਿੱਤ।।*

**ਕੋਊ ਏਕ ਬਿਪ੍ਰ ਆਹਿ ਸੰਭੂ ਬਨ ਮੈ ਮਨਾਇ**
**ਤਾਂਬ੍ਰ ਪਾਤ੍ਰ ਕੋ ਦਬਾਇ ਲਿੰਗ ਲਿੰਗ ਕਯੋ ਹੈ।।**

ਇਕ ਬ੍ਰਾਹਮਣ ਬਨ ਮੇਂ ਜਾਇ ਸ਼ਿਵਜੀ ਕੀ ਪੂਜਾ ਕਰਦਾ ਹੁੰਦਾ ਸੀ, ਪੂਜਾ ਦੇ ਭਾਂਡੇ ਦਬਾ ਕੇ ਸ਼ਿਵਲਿੰਗ ਬਣਾਉਂਦਾ ਸੀ।

**ਤਹਾਂ ਨੇਕ ਜਨ ਅਏ ਲਿੰਗ ਦੇਖ ਲਿੰਗ ਕੀਏ**
**ਲਿੰਗ ਅਰਚਦੇ ਕਰ ਜਨ ਜੂਥ ਗਯੋ ਹੈ।।**

ਉਸ ਰਸਤੇ ਬਹੁਤ ਸਾਰੇ ਪੁਰਖ ਆ ਉਤਰੇ, ਉਹਨਾਂ ਨੇ ਸ਼ਿਵਲਿੰਗ ਦੇਖਕੇ ਕਿਤਨੇ ਹੀ ਸ਼ਿਵਲਿੰਗ ਬਣਾ ਲਏ ਭਾਵ ਜਿਤਨੇ ਆਦਮੀ ਸਨ ਉਤਨੇ ਹੀ ਸ਼ਿਵਲਿੰਗ ਬਣਾ ਕੇ ਉਹਨਾਂ ਪੂਜਾ ਕੀਤੀ। ਪੂਜਾ ਕਰਕੇ ਉਹ ਚਲੇ ਗਏ।

**ਭੂਸਰ ਜੋ ਆਯੋ ਦੇਖ ਲਿੰਗ ਬਿਸਮਾਯੋ**
**ਕਹੂੰ ਏਕ ਲਿੰਗ ਹੂੰ ਤੇ ਲਿੰਗ ਝੁੰਡ ਨਿਰਮਯੋ ਹੈ।।**

ਫਿਰ ਦੂਜੇ ਦਿਨ ਬ੍ਰਾਹਮਣ ਆਇਆ, ਬਹੁਤ ਸ਼ਿਵਲਿੰਗ ਨੂੰ ਦੇਖ ਕੇ ਅਸਚਰਜ ਹੋਇਆ, ਉਹ ਕਹਿਣ ਲੱਗਾ ਇਕ ਲਿੰਗ ਤੋਂ ਕਿਤਨੇ ਹੀ ਸ਼ਿਵਲਿੰਗ ਕੈਸੇ ਹੋਏ ਹਨ?

**ਪਾਤ੍ਰ ਨਹਿ ਪਾਏ ਤਬ ਬਿਪ੍ਰ ਯੌ ਅਲਾਇ**
**ਤਾਂਹਿ ਪਾਤ੍ਰ ਲਿੰਗ ਚਿੰਨ ਕੀਨੋ ਮੂੜੋ ਨ ਲਖਯੋ ਹੈ॥ ੧੯॥**

ਪੂਜਾ ਦੇ ਭਾਂਡੇ ਉਸ ਨੂੰ ਨਾ ਲੱਭੇ ਤਾਂ ਕਹਿਣ ਲੱਗਾ, ਮੈਂ ਭਾਂਡਿਆਂ ਵਾਸਤੇ ਨਿਸ਼ਾਨ ਕੀਤਾ ਸੀ ਮੂਰਖਾਂ ਨੇ ਜਾਣਿਆ ਨਹੀਂ॥ ੧੯॥

*ਸੋਰਠਾ॥*

**ਜਗ ਕੀ ਭੇਡਾ ਚਾਲ ਚਲਤੇ ਕੇ ਪਾਛੈ ਚਲੈਂ।**

ਜਗਤ ਕੀ ਭੇਡ ਕੇ ਸਮਾਨ ਚਾਲ ਹੈ, ਭੇਡ ਇਕ ਖੂਹ ਵਿਚ ਗਿਰੇ ਤਾਂ ਸਭ ਗਿਰ ਜਾਂਦੀਆਂ ਹਨ।

**ਪਰਮਾਰਥ ਨ ਸਮ੍ਹਾਲ ਦੇਖੋ ਜਗ ਕੀ ਮੂੜ੍ਹਤਾ॥ ੨੦॥**

ਇਸ ਤਰ੍ਹਾਂ ਜਗਤ ਭੀ ਹੈ, ਮੋਖ ਕੋ ਨਹੀਂ ਸੰਭਾਲਦਾ॥ ੨੦॥

**ਦੋਹਰਾ॥ ਫਲ ਕਰਕੇ ਤਰੁ ਤਰੇ ਹੈ ਨਿੰਮ੍ਰ ਅਤਿ ਸ਼੍ਰਤਿਵੰਤ॥**

ਫਲ ਵਾਲਾ ਬ੍ਰਿਛ ਨੀਵਾਂ ਹੋਤਾ ਜਾਤਾ ਹੈ, ਐਸੇ ਹੀ ਸੁਰਤੀਆਂ ਕਾ ਵੇਦ ਸ਼ੁੱਧ ਹੋਤਾ ਹੈ।

**ਸੂਕੋ ਤਰੁ ਜਿਉਂ ਟੂਟਤ ਹੈ ਝੁਕਤ ਨਹੀਂ ਖਲ ਜੰਤ॥ ੨੧॥**

ਜੈਸੇ ਸੁੱਕਾ ਬ੍ਰਿਛ ਟੁੱਟਦਾ ਹੈ, ਨਿਉਂਦਾ ਨਹੀਂ, ਤੈਸੇ ਹੀ ਸੁੱਕੇ ਬ੍ਰਿਛ ਦੇ ਸਮਾਨ ਨੀਚ ਪੁਰਖ ਹੈਂ॥ ੨੧॥

*ਕਬਿੱਤ॥*

**ਨੀਰ ਕਰ ਸਿਖੀ ਕੇ ਨਿਵਾਰਨ ਮੌਂ ਸਮਰਥ**
**ਛਾਯਾ ਕਰ ਦਿਵਾਕਰ ਆਤਮ ਨਿਵਾਰੀਏ॥**

ਜਲ ਅਗਨੀ ਬੁਝਾਵਨ ਕੇ ਸਮਰੱਥ ਹੈ, ਛਾਇਆ ਜੋ ਹੈ ਸੋ ਸੂਰਜ ਕੀ ਧੂਪ ਕੋ ਨਾਸ ਕਰਦੀ ਹੈ।

**ਸਮਦ ਤੰਗ ਵਸ ਹੋਤ ਤੀਖੇ ਕੁੰਡੇ ਕਰ**
**ਧੇਨ ਭੈਂਸ ਰਾਸਭ ਕੋ ਡੰਡ ਕਰ ਟਾਰੀਏ।**

ਸ਼ਰਾਬ ਪੀ ਕੇ ਜੋ ਹਾਥੀ ਮਸਤ ਹੋਵੇ ਉਹ ਤਿੱਖੇ ਕੁੰਡੇ ਵਿਚ ਹੁੰਦਾ ਹੈ। ਗਊ, ਮਹਿੰ, ਖੋਤਾ, ਇਹ ਡੰਡੇ ਨਾਲ ਵੱਸ ਆਉਂਦੇ ਹਨ।

**ਭੇਖਜ ਕੀ ਸੰਗ੍ਰਹਿ ਕਰ ਬਜਾਧ ਕੋ ਪ੍ਰਹਾਰ ਕਰੈ**
**ਮੰਤ੍ਰਨ ਕੇ ਬਲ ਤੇ ਭੁਜੰਗ ਮਾਰ ਡਾਰੀਏ॥**

ਔਖਧੀਓਂ ਕੇ ਇਕੱਠਾ ਕਰਨੇ ਸੇ ਰੋਗ ਦੂਰ ਹੁੰਦਾ ਹੈ, ਮੰਤਰ ਕੇ ਜ਼ੋਰ ਨਾਲ ਸਰਪ ਦੀ ਵਿਖ ਨੂੰ ਦੂਰ ਕਰੀਦਾ ਹੈ।

**ਨਿਗਮ ਕਹੀ ਯੌਂ ਰਚੀ ਭੇਖਜ ਸਕਲ ਕੇਰੀ**
**ਪਰ ਨੀਚ ਨਰ ਕੀ ਨ ਔਖਧ ਉਚਾਰੀਏ॥ ੨੨॥**

ਵੇਦਾਂ ਨੇ ਸਭ ਦੀ ਦਵਾਈ ਰਚੀ ਹੈ, ਪਰ ਨੀਚਾਂ ਦੀ ਨਹੀਂ ਰਚੀ।

**ਦੋਹਰਾ॥ ਮਤ ਪ੍ਰਤੀਤ ਖਲ ਕੀ ਕਰੋ ਸੁਕੁਲ ਜਬੀ ਵਿਦਵਾਨ॥**

ਮੱਤ ਪਰਤੀਤ ਮੂਰਖ ਕੀ ਕਰੇ, ਭਾਵੇਂ ਸਰੇਸ਼ਟ ਕੁਲ ਵਾਲਾ ਹਵੇ, ਵਿੱਦਵਾਨ ਹੋਵੇ।

**ਚੰਦਨ ਕੇ ਘਰਸਨ ਕਰੇ ਦਾਹਤ ਪ੍ਰਗਟ ਕਿਰਸਾਨ॥ ੨੩॥**

ਜੈਸੇ ਚੰਦਨ ਦੇ ਘਸਨੇ ਸੇ ਅਗਨੀ ਨਿਕਲ ਕੇ ਚੰਦਨ ਕੋ ਸਾੜੇ॥ ੨੩॥

**ਬੀਸ ਦੋਹਰੇ ਦੋ ਕਬਿਤ ਏਕ ਸੋਰਠਾ ਜਾਨ।**

ਵੀਹ ਦੋਹਰੇ ਹਨ, ਦੋ ਕਬਿੱਤ, ਇਕ ਸੋਰਠਾ ਹੈ।

**ਤੀਨ ਬੀਸ ਸਭ ਛੰਦ ਹੈਂ ਹ੍ਰਿਦੈ ਸਰੋਰਹੁ ਭਾਨੁ॥**

ਤੇਈ ਸਾਰੇ ਛੰਦ ਹਨ ਰਿਦੇ ਰੂਪੀ ਕਮਲ ਨੂੰ ਪ੍ਰਫੁੱਲਤ ਕਰਨ ਵਾਲੇ।

**ਇਤਿ ਸ੍ਰੀ ਸਾਰੁਕਤਾਵਲੀ ਤਾਸ ਤਰੌਦਸੋ ਧਿਆਇ।**
**ਨਿੰਦੈ ਖਲ ਇੰਦਰੈ ਵਿਖਜ ਮੁਕਤਿ ਨਮਿਤ ਵਿਹਾਇ।**

ਸ੍ਰੀ ਸਾਰੁਕਤਾਵਲੀ ਦੇ ਤੇਰ੍ਹਵੇਂ ਅਧਿਆਇ ਵਿਚ ਨੀਚਾਂ ਦੀ ਤੇ ਇੰਦ੍ਰੀਆਂ ਦੇ ਵਿਸ਼ਿਆਂ ਦੀ ਨਿੰਦਾ ਕੀਤੀ ਹੈ, ਮੁਕਤੀ ਵਾਸਤੇ ਇਨ੍ਹਾਂ ਦਾ ਤਿਆਗ ਕਰਨ ਲਈ ਪ੍ਰੇਰਿਆ ਹੈ।

# ਅਥ ਚੌਧਵਾਂ ਅਧਿਆਇ

**ਦੋਹਰਾ॥ ਸਿੱਖਿਆ ਵਰਨੈ ਚੌਦਸੇ ਚੌਦਸ ਛੰਦ ਉਚਾਰ।**

ਚੌਧਵੇਂ ਅਧਿਆਇ ਵਿਚ ਸਿੱਖਿਆ ਭਾਵ ਉਪਦੇਸ਼ ਦਾ ਵਰਣਨ ਕਰਾਂਗੇ ਚੌਦਾਂ ਛੰਦ ਉਚਾਰ ਕੇ।

**ਬੇਗ ਤ੍ਰਿਤਾਪ ਪ੍ਰਹਾਰ ਹ੍ਵੈ ਜਿਉਂ ਘਨ ਬਾਰ ਬਿਹਾਰ॥**

ਤਿੰਨੇ ਪਾਪਾਂ ਨੂੰ ਨਾਸ ਕਰਨਗੇ, ਜੈਸੇ ਬੱਦਲਾਂ ਨੂੰ ਹਵਾ ਨਾਸ ਕਰਦੀ ਹੈ।

**ਨਰਾਜ ਛੰਦ॥ ਹਿਤੀਖਣਾਂ ਜਹਾਂ ਅਹੇ ਤਹਾਂ ਨਹੀਂ ਮਨੀਖਣਾਂ॥**

ਜਿਥੇ ਨਾ ਹਿੱਤ ਕੇ ਸਹਿਤ ਗਹੁ ਹੈ, ਉਥੇ ਮੁਕਤੀ ਵਾਲਾ ਬੁੱਧੀਵਾਨ ਕੋਈ ਨਹੀਂ।

**ਮਨੀਖਣਾਂ ਜਹਾਂ ਅਹੇ ਤਹਾਂ ਨਹੀਂ ਹਿਤੀਖਣਾਂ॥**

ਜਿਥੇ ਮੁਕਤੀ ਵਾਲਾ ਬੁੱਧੀਵਾਨ ਹੈ ਉਥੇ ਉਪਦੇਸ਼ਕ ਗੁਰੂ ਕੋਈ ਨਹੀਂ।

**ਸਮਾਦਿ ਵੇਦ ਵੇਦ ਭੀ ਸੁ ਦੁਰਲਭੰ ਉਭੈ ਅਹੈ।**

ਸ਼ੁਭ ਸਾਧਨਾਂ ਵਾਲਾ ਅਤੇ ਵੇਦ ਪਾਠਾਂ ਨਾਲ ਵੇਦ ਦਾ ਅਰਥ ਜਾਨਣਾ ਇਤਨੇ ਗੁਣਾਂ ਦੇ ਸੰਪੰਨ ਕਿਤੇ ਵਿਰਲਾ ਮਿਲਦਾ ਹੈ।

**ਯਥੋਖਧੀ ਸੁਆਦਵੰਤ ਬਿਆਧਿ ਮੂਲ ਤੇ ਦਹੈ॥ ੧॥**

ਜੈਸੇ ਦਵਾਈ ਸਵਾਦ ਵਾਲੀ ਵੀ ਹੋਵੇ ਅਤੇ ਰੋਗ ਵੀ ਹਟਾ ਦੇਵੇ।

**ਛਪੈ ਛੰਦ॥ ਬ੍ਰਿਖ ਹੀਨ ਫਲ ਚੀਨ ਬਿਹੰਗਮ ਬੇਗ ਤਿਆਗੈ।**

ਜੈਸੇ ਫਲ ਤੋਂ ਬਿਨਾਂ ਬਿਰਛ ਕੋ ਦੇਖ ਕੇ ਪੰਛੀ ਸ਼ੀਘਰ ਤਿਆਗ ਦਿੰਦਾ ਹੈ।

**ਕਾਨਨ ਦਗਧੋ ਦੇਖ ਹਰਨ ਆਦਿਕ ਸਭ ਭਾਗੈ॥**

ਬਨ ਨੂੰ ਸੜਦਿਆਂ ਦੇਖ ਕੇ ਹਰਨ ਸ਼ੇਰ ਆਦਿ ਸਭ ਦੌੜ ਜਾਂਦੇ ਹਨ।

**ਫੂਲ ਮਾਲ ਨਿਰਗੰਧ ਗਲੇ ਤੇ ਤਯਾਗੈ ਸਭ ਨਰ।**

ਫੁੱਲਾਂ ਨੂੰ ਸੁਗੰਧ ਬਿਨਾਂ ਦੇਖ ਸਭ ਗਲੋਂ ਲਾਹ ਸੁੱਟਦੇ ਹਨ।

**ਸਾਰਸ ਤਯਾਗੇ ਬੇਗ ਨੀਰ ਬਿਨ ਪੇਖ ਸਰੋਵਰ॥**

ਤਲਾਅ ਜਲ ਤੋਂ ਬਿਨਾਂ ਦੇਖ ਕੇ ਸਾਰਸ ਪੰਛੀ ਤਿਆਗ ਦੇਂਦੇ ਹਨ।

**ਪੁਨ ਗਨਿਕਾ ਨਿਰਧਨ ਨਰ ਭਜੈ ਭ੍ਰਿਸ਼ਟ ਨ੍ਰਿਪਤ ਭ੍ਰਿਤ ਤਜਤ ਹੀ॥**

ਵੇਸਵਾ ਨਿਰਧਨ ਪੁਰਖ ਕੋ ਜਾਣ ਕੇ ਪਾਸ ਨਹੀਂ ਬਹਿਣ ਦਿੰਦੀ ਹੈ, ਨੀਚ ਟਹਿਲੂਏ ਕੋ ਰਾਜਾ ਨਿਕਾਲ ਦੇਂਦਾ ਹੈ।

**ਜਨ ਸਗਲੇ ਸਵਾਰਥ ਵਸ ਰਮੇ ਕੋ ਕਾਹੂੰ ਪਯਾਰੋ ਨਹੀ॥ ੨॥**

ਸਾਰੇ ਪੁਰਸ਼ ਆਪਣੇ ਸੁਆਰਥ ਵਾਸਤੇ ਹੀ ਵਿਚਰਦੇ ਹਨ। ਕੋਈ ਕਿਸੇ ਦਾ ਪਿਆਰਾ ਨਹੀਂ॥ ੨॥

**ਦੋਹਰਾ॥ ਪਸ਼ੁ ਧਨ ਅਧਨ ਕਨਕ ਅਰਧ ਅਹੈ ਸਰਬ ਧਨ ਧਾਮ॥**

ਪਸ਼ੂ ਜੋ ਹੈ ਗਊ ਬੈਲ ਆਦਿਕ ਭਾਵ ਕਿਧਰੋਂ ਮੁੱਲ ਆਂਦਾ ਅਤੇ ਜਦ ਆਂਵਦਿਆਂ ਮਰ ਗਿਆ ਤਾਂ ਕੁਛ ਵੀ ਨਾ, ਸਗੋਂ ਕੁਛ ਰੁਪਏ ਦੇ ਕੇ ਚੁਕਾਵਣਾ ਭੰਗੀਆਂ ਤੋਂ ਅਤੇ ਸੋਨਾ ਆਦਿਕ ਅੱਧਾ ਧਨ ਹੈ ਭਾਵ ਬਿਪਤਾ ਆਉਣ ਤੇ ਅੱਧਾ ਮੁੱਲ ਮਿਲ ਜਾਂਦਾ ਹੈ। ਇਨ੍ਹਾਂ ਵਿਚੋਂ ਸਾਰਾ ਧਨ ਅਨਾਜ ਹੈ ਭਾਵ ਹਰ ਵਕਤ ਕੰਮ ਆਉਂਦਾ ਹੈ।

**ਮਿਤ੍ਰ ਸੀਲ ਵਿਦਯਾ ਤ੍ਰਿਤੀ ਅਤਿਸੈ ਧਨ ਕੀ ਖਾਨ॥ ੩॥**

ਜ਼ਿਆਦਾ ਮਿੱਤਰ ਹੋਣੇ, ਸੀਲ ਸੁਭਾਅ ਹੋਣਾ, ਵਿੱਦਿਆ ਪੜ੍ਹੇ ਹੋਣਾ, ਇਹ ਤਿੰਨ ਚੀਜ਼ਾਂ ਧਨ ਦੀਆਂ ਖਾਨਾਂ ਹਨ॥ ੩॥

**ਬਿਨਾਂ ਭਯਾਸ ਵਿਦਿਆ ਨਹੀ ਵਿਦਯਾ ਬਿਨ ਧਨੁ ਨਾਹਿ॥**

ਪੜ੍ਹਨ ਤੋਂ ਬਿਨਾਂ ਵਿੱਦਿਆ ਭੁੱਲ ਜਾਂਦੀ ਹੈ ਅਤੇ ਵਿੱਦਿਆ ਤੋਂ ਬਿਨਾਂ ਧਨ ਨਹੀਂ ਮਿਲਦਾ।

**ਬਿਨਾਂ ਦਰਬ ਨਹਿ ਮਿਤ੍ਰ ਕੋ ਮਿਤ੍ਰ ਬਿਨਾਂ ਬਲ ਕਾਹਿ॥ ੪॥**

ਧਨ ਤੋਂ ਬਿਨਾਂ ਕੋਈ ਯਾਰ ਮਿੱਤਰ ਨਹੀਂ ਬਣਦਾ, ਅਤੇ ਯਾਰਾਂ ਮਿੱਤਰਾਂ ਤੋਂ ਬਿਨਾਂ ਬਲ ਕੋਈ ਨਹੀਂ, ਭਾਵ ਮਿੱਤਰ ਬਾਹਵਾਂ ਹੁੰਦੀਆਂ ਹਨ।

**ਤਬ ਲਗ ਹੀ ਗੁਣ ਗੌਰਤਾ ਜਬ ਲਗ ਕਹੇ ਨ ਦੇਹ।**

ਓਨਾ ਚਿਰ ਹੀ ਗੁਣ ਅਤੇ ਵਡਿਆਈ ਹੈ, ਜਦ ਤਕ ਆਦਮੀ ਮੂੰਹੋਂ ਕਹਿੰਦਾ ਨਹੀਂ ਕਿਸੇ ਨੂੰ ਕਿ ਮੈਨੂੰ ਕੁਝ ਦੇਵੋ।

**ਦੇਹ ਕਹੇ ਤੇ ਖੇਹ ਸਭ ਗੁਣ ਗੌਰਵ ਪਿਠ ਦੇਹ॥ ੫॥**

ਏਹ ਗੱਲ ਕਹਿਣ ਦੀ ਢਿੱਲ ਹੈ ਕਿ ਮੈਨੂੰ ਕੁਝ ਦੇਹ, ਉਸਦੇ ਸਾਰੇ ਗੁਣ ਵਡਿਆਈ ਦੋਵੇਂ ਖੇਹ ਵਿਚ ਭਾਵ ਨਾਸ ਹੋ ਜਾਂਦੇ ਹਨ॥ ੫॥

**ਮੰਤ੍ਰੌਖਧਿ ਸਿਧਿ ਅਵਧ ਧਨ ਮੈਥਨ ਦਾਨ ਕੁਸੇਵ॥**

ਮੰਤਰ ਉਹ ਜੋ ਪ੍ਰਗਟ ਨਾ ਕਰੇ, ਦਵਾਈ ਉਹ ਜਿਸ ਦਾ ਭੇਦ ਆਪਣੇ ਪਾਸ ਹੈ, ਸਿੱਧੀ ਉਹ ਜੋ ਆਪਣੇ ਵੱਸ ਵਿਚ ਹੈ, ਸ਼ਸਤਰ ਉਹ ਜੋ ਆਪਣੇ ਹੱਥ ਵਿਚ ਹੈ, ਧਨ ਉਹ ਜੋ ਆਪਣੇ ਪਾਸ ਛੁਪਾਇਆ ਹੈ, ਭੋਗ ਉਸ ਦਾ ਹੀ ਅਨੰਦ ਹੈ ਜੋ ਲੁਕ ਕੇ ਕਰੀਏ, ਦਾਨ ਉਹ ਜੋ ਗੁਪਤ ਦੇਈਏ, ਕਿਸੇ ਨੀਚ ਪੁਰਸ਼ ਦੀ ਸੇਵਾ ਵੀ ਛੁਪ ਕੇ ਕਰੀਏ।

**ਦੂਰ ਭੋਜਨ ਇਨ ਨਵਨ ਕੋ ਬੁੱਧਿ ਪ੍ਰਗਟ ਕਰੇਵ॥ ੬॥**

ਮਾੜਾ ਭੋਜਨ ਸ਼ਰਾਬ ਆਦਿ ਏਹਨਾਂ ਵਸਤੂਆਂ ਕੋ ਅਕਲ ਵਾਲਾ ਲੋਕਾਂ ਦੇ ਅੱਗੇ ਪ੍ਰਗਟ ਨਾ ਕਰੇ, ਭਾਵ ਛੁਪਾ ਕੇ ਰਖੇ॥ ੬॥

**ਅਰਥ ਨਾਸ ਮਨ ਤਾਪ ਹੈ ਦੂਰ ਚਰਿਤ੍ਰ ਗ੍ਰਹ ਮਾਂਹਿ।**

ਧਨ ਚੋਰੀ ਹੋ ਗਿਆ ਹੋਵੇ, ਮਨ ਵਿਖੇ ਦੁੱਖ ਹੋਵੇ, ਕੋਈ ਖੋਟਾ ਕੰਮ ਘਰ ਵਿਚ ਹੋਵੇ।

**ਮਾਨ ਭੰਗ ਬੰਚਨ ਕਹੂੰ ਧੀਰ ਪਾਂਚ ਕਹਿ ਨਾਂਹਿ।**

ਕਿਸੇ ਦੀ ਕਿਤੇ ਨਿਰਾਦਰੀ ਹੋ ਜਾਵੇ, ਕਿਧਰੇ ਕਿਤੇ ਠੱਗਿਆ ਜਾਵੇ, ਇਨ੍ਹਾਂ ਪੰਜਾਂ ਕੋ ਧੀਰਜਵਾਨ ਕਿਤੇ ਨਾ ਕਹੇ।

**ਕਾਰਦਾਰ ਮੈਥੁਨ ਕਰਜ ਗਰਭ ਚਾਰ ਜੋ ਏਹ।**

ਮੁਖਤਾਰ ਕਾਰ ਚੇਸ਼ਟਾ ਪਰ-ਇਸਤਰੀ ਸੇ ਕਰਜ਼ ਉਠਾਣਾ, ਗਰਭ ਜੋ ਇਸਤ੍ਰੀ ਨੇ ਧਾਰਨਾ, ਇਹ ਚਾਰ ਵਸਤੂਆਂ ਜੋ ਹੈਨ।

**ਪ੍ਰਥਮੇ ਸੁਖ ਪ੍ਰਾਪਤ ਕਰੇਂ ਪਾਛੇ ਬਹੁ ਦੁਖੁ ਦੇਹ।। ੮।।**

ਪਹਿਲੇ ਇਹ ਸਭ ਵਸਤੂਆਂ ਸੁਖ ਦੇਂਦੀਆਂ ਹਨ, ਪਰ ਪਿਛੋਂ ਇਹ ਸਭ ਵਸਤੂਆਂ ਦੁੱਖ ਦੇਂਦੀਆਂ ਹਨ।

**ਸ਼ੂਪਕਾਰ ਕਵਿ ਬੈਦ ਨ੍ਰਿਪ ਸ਼ਸਤੀ ਮਰਮੀ ਜਾਨ।**

ਰਸੋਈਆ, ਕਵੀਸ਼ਰ, ਹਕੀਮ, ਰਾਜਾ, ਸ਼ਸਤਰ-ਧਾਰੀ ਤੇ ਬੇਦ ਦੇ ਜਾਨਣੇ ਵਾਲਾ।

**ਸਾਮਿ ਬੂੰਦਿਨੀ ਮੁਗਧ ਨਰ ਮਤ ਕਪਾਇ ਮਤਿ ਮਾਨ।। ੯।।**

ਮਾਲਕ ਜੋ ਹੈ ਅਰ ਜਿਸ ਕੋ ਬੰਦਨਾ ਕਰੀਏ ਅਰ ਮੂਰਖ ਇਨ੍ਹਾਂ ਕੋ ਬੁੱਧਵਾਨ ਮਤ ਕਰੋਧਵਾਨ ਕਰੇ।। ੯।।

**ਅਰਥ ਪਤੀ ਨ੍ਰਿਪ ਅਤਿ ਤਪੀ ਵਿਦਯਾਦਿਕ ਸਠ ਮਾਹਿ।**

ਸ਼ਾਹੂਕਾਰ ਅਤੇ ਰਾਜੇ ਕੋ, ਤਪੀ ਕੋ, ਵਿਦਵਾਨ ਕੋ, ਮੂਰਖ ਕੋ।

**ਵਿਦੂਖ ਗੁਰੂ ਅਰਿ ਅਸ਼ਟ ਕੋ ਧੀਰੋਤਰ ਦੇ ਨਾਹਿ।। ੧੦।।**

ਪੰਡਤ ਕੋ, ਗੁਰੂ ਇਹਨਾਂ ਅੱਠਾਂ ਕੋ ਧੀਰਜਵਾਨ ਪੁਰਖ ਉੱਤਰ ਨਾ ਦੇਵੇ।। ੧੦।।

**ਬਲ ਵਿਚਾਰ ਵਿਦਯਾ ਹੁਤੇ ਬੁਧਿ ਬਿਨ ਵਿਦਯਾ ਨਾਸ।।**

ਵਿੱਦਿਆ ਨਾਲੋਂ ਵਿਚਾਰ ਬਲ ਵਾਲੀ ਹੈ, ਪਰ ਜਿੰਨਾ ਚਿਰ ਬੁੱਧੀ ਚੰਗੀ

ਨਾ ਹੋਵੇ ਵਿੱਦਿਆ ਨਹੀਂ ਆਉਂਦੀ।

**ਬਿਨ ਬਿਚਾਰ ਜਿਉਂ ਕਾਰਕੈਂ ਕੇਹਰ ਕਰਿਯੋ ਬਿਨਾਸ॥ ੧੧॥**

ਬਿਨਾਂ ਵਿਚਾਰ ਤੋਂ ਸ਼ੇਰ ਦੇ ਬਨਾਉਣ ਵਾਲਿਆਂ ਨੂੰ ਸ਼ੇਰ ਨੇ ਮਾਰ ਲੀਤਾ ਸੀ॥

***ਸਾਖੀ***— ਚਾਰ ਬ੍ਰਾਹਮਣ ਕੇ ਲੜਕੇ ਵਿੱਦਿਆ ਪੜ੍ਹ ਕੇ ਆਏ ਤਾਂ ਉਨ੍ਹਾਂ ਕਿਹਾ ਵਿੱਦਿਆ ਦੀ ਪ੍ਰੀਖਿਆ ਕਰੀਏ। ਇਕ ਨੇ ਕਿਹਾ ਇਹ ਹੱਡੀ ਸ਼ੇਰ ਦੀ ਹੈ. ਦੂਜੇ ਨੇ ਮੰਤਰ ਪੜ੍ਹ ਕੇ ਹੱਡੀਆਂ ਇਕੱਠੀਆਂ ਕੀਤੀਆਂ, ਤੀਸਰੇ ਨੇ ਮੰਤਰ ਪੜ੍ਹ ਕੇ ਬੁੱਤ ਖੜਾ ਕੀਤਾ, ਚੌਥੇ ਨੇ ਮੰਤਰ ਪੜ੍ਹ ਕੇ ਜਾਨ ਪਾ ਦਿੱਤੀ। ਇਹਨਾਂ ਨਾ ਜਾਣਿਆ ਕਿ ਸਾਨੂੰ ਸ਼ੇਰ ਖਾ ਜਾਵੇਗਾ, ਤਾਂ ਭੀ ਵਿੱਦਿਆ ਦੀ ਪ੍ਰੀਖਿਆ ਕੀਤੀ। ਉਹ ਸ਼ੇਰ ਉਹਨਾਂ ਨੂੰ ਖਾ ਗਿਆ॥ ੧੧॥

**ਜਿਹ ਬਿਚਾਰ ਹੈ ਬਲ ਤਿਸੇ ਬਿਨ ਵਿਚਾਰ ਬਲ ਨਾਹਿ।**

ਜਿਸ ਪੁਰਖ ਕੋ ਵਿਚਾਰ ਹੈ ਬਲ ਉਸ ਵਿਚ ਹੈ, ਬਿਨਾਂ ਵਿਚਾਰ ਤੋਂ ਬਲ ਨਹੀਂ।

**ਏਕ ਮਤਸ ਨਾਹਿਰ ਬਨੈ ਸਸੇ ਬਿਨਾਸਯੋ ਤਾਹਿ॥ ੧੨॥**

ਜਿਸ ਤਰ੍ਹਾਂ ਸ਼ੇਰ ਨੂੰ ਸਹੇ ਨੇ ਮਾਰ ਕੇ ਨਾਸ ਕਰ ਦਿੱਤਾ ਸੀ।

***ਸਾਖੀ***— ਇਕ ਸ਼ੇਰ ਬਨ ਵਿਚ ਜਾ ਕੇ ਇਕ ਜੀਵ ਕੋ ਮਾਰ ਕੇ ਖਾਵੇ, ਬਹੁਤਿਆਂ ਕੋ ਮਾਰ ਕੇ ਸੁੱਟ ਆਵੇ। ਉਹਨਾਂ ਸਭਨਾਂ ਜੀਆਂ ਮਿਲ ਕੇ ਆਖਿਆ, ਹੇ ਰਾਜਾ ਅਸੀਂ ਵਾਰੀ ਨਾਲ ਇਕ ਰੋਜ਼ ਤੇਰੇ ਪਾਸ ਆਵਾਂਗੇ। ਇਕ ਦਿਨ ਸਹੇ ਦੀ ਵਾਰੀ ਆਈ। ਸਿਹਾ ਦੇਰ ਲਾ ਕੇ ਗਿਆ, ਸ਼ੇਰ ਨੇ ਕਿਹਾ ਦੇਰ ਨਾਲ ਆਇਆਂ ਹੈਂ? ਸਹੇ ਨੇ ਕਿਹਾ, ਮੈਨੂੰ ਇਕ ਹੋਰ ਰਸਤੇ ਵਿਚ ਸ਼ੇਰ ਮਾਰਨ ਲੱਗਾ ਸੀ, ਸ਼ੇਰ ਨੇ ਕਿਹਾ ਚੱਲ ਮੈਨੂੰ ਦਿਖਾ, ਸਹੇ ਨੇ ਸ਼ੇਰ ਨੂੰ ਖੂਹ ਉਤੇ ਲੈ ਜਾ ਕੇ ਆਪ ਉਸ ਦੇ ਮੂੰਹ ਹੇਠ ਹੋ ਕੇ ਕਹਿੰਦਾ ਹੈ, ਦੇਖ ਮੇਰੇ ਭਾਈ ਨੂੰ ਸ਼ੇਰ ਨੇ ਮੂੰਹ ਵਿਚ ਲੀਤਾ ਹੈ। ਸ਼ੇਰ ਨੇ ਖੂਹ ਵਿਚ ਛਾਲ ਮਾਰ ਦਿੱਤੀ ਤੇ ਖੂਹ ਵਿਚ ਹੀ ਰਹਿ ਗਿਆ। ਦੇਖੋ ਸਹੇ ਨੇ ਆਪ ਵਿਚਾਰ ਕੀਤੀ ਤੇ ਸ਼ੇਰ

ਬਲੀ ਕੋ ਮਾਰ ਦਿੱਤਾ।। ੧੨।।

**ਦਵੈਯਾ ਛੰਦ।।**

**ਰਿਣ ਰਿਪੁ ਅਗਨਿ ਤ੍ਰਿਨਾਸ ਮਝਾਰੀ ਕਰੇ ਬਿਲਮ ਨਹਿ ਸਮਾ ਪਛਾਨ।**

ਕਰਜ਼ ਦੇ ਲਾਹੁਣ ਵਿਚ, ਵੈਰੀ ਕੇ ਮਾਰਨੇ ਮੇਂ, ਅਗਨ ਦੇ ਬੁਝਾਵਣ ਵਿਚ, ਇਨ੍ਹਾਂ ਤਿੰਨਾਂ ਦੇ ਨਾਸ ਕਰਨ ਵਿਚ ਦੇਰੀ ਨਾ ਕਰੋ।

**ਕੰਨਯਾ ਦਾਨੈ ਧਰਮਾ ਰੰਭੇ ਵਿਦਯਾ ਪਢਨੇ ਧਨ ਕੇ ਲਯਾਨ।**

ਸਮਾਂ ਜਾਣ ਕਰ ਕੰਨਿਆਂ ਦਾਨ ਕਰਨ ਵਿਚ, ਧਰਮ ਕੇ ਆਰੰਭ ਮੇਂ, ਵਿੱਦਿਆ ਪੜ੍ਹਨੇ ਮੇਂ, ਧਨ ਕੇ ਲਿਆਉਣੇ ਮੇਂ।

**ਅਵਸਰ ਦੇਖ ਪਦਾਰਥ ਚਾਰੋਂ ਕਰੇ ਸ਼ੀਘ੍ਰ ਜੋ ਸੋ ਬੁਧਿਮਾਨ।**

ਸਮਾਂ ਦੇਖ ਕੇ ਇਹ ਚਾਰੇ ਪਦਾਰਥ ਜਲਦੀ ਲਿਆਵੇ ਸੋ ਬੁਧੀਵਾਨ ਹੈ।

**ਖਿਨ ਖਿਨ ਖੀਨ ਕਾਲ ਤਨ ਕਰ ਹੈ ਭਲੋ ਕਾਲ ਫਿਰ ਮਿਲੈ ਨ ਪਾਨ।।੧੩।।**

ਛਿਨ ਛਿਨ ਮੇਂ ਕਾਲ ਸਰੀਰ ਨੂੰ ਨਾਸ ਕਰਦਾ ਹੈ, ਫਿਰ ਐਸਾ ਵੇਲਾ ਕਦੀ ਹੱਥ ਨਹੀਂ ਆਵਣਾ।। ੧੩।।

**ਦੋਹਰਾ।। ਨਾਰ ਕਲਹਿਣੀ ਗ੍ਰਾਮ ਘਰ ਦੇਹ ਦੁਖੀ ਨ੍ਰਿਪ ਨੀਚ।**

ਇਸਤਰੀ ਲੜਾਕੀ ਹੋਵੇ, ਛੋਟੇ ਗ੍ਰਾਮ ਵਿਚ ਘਰ ਹੋਵੇ, ਸਰੀਰ ਰੋਗੀ ਹੋਵੇ, ਰਾਜਾ ਨੀਚ ਹੋਵੇ ਜਿਸ ਦਾ।

**ਪਰ ਵਸ ਪਾਂਚੋਂ ਨਰਕ ਕੋ ਜੀਵਤ ਹੀ ਹੈ ਮੀਚ।। ੧੪।।**

ਪੁਰਖ ਜੋ ਪਰਾਏ ਵੱਸ ਹੋਵੇ, ਇਹ ਪੰਜ ਮਨੁੱਖ ਕੋ ਜੀਉਂਦਿਆਂ ਹੀ ਮੌਤ ਦੇ ਸਮਾਨ ਹੈ।। ੧੪।।

**ਇਕ ਨਰਾਜ ਏਕੋ ਛਪਾ ਏਕ ਦੁਵੱਯਾ ਛੰਦ।।**

ਇਕ ਨਰਾਜ ਛੰਦ ਹੈ, ਇਕ ਛਪਾ ਹੈ, ਇਕ ਦਵੈਯਾ ਛੰਦ ਹੈ।

**ਸ਼ੰਕਰ ਦੋਹੇ ਸੰਕਰੀ ਚੌਦਸ ਛੰਦ ਅਨੰਦ।। ੧੫।।**

ਯਾਰਾਂ ਦੋਹਰੇ ਕਲਿਆਨ ਸੁਖ ਦੇਣ ਵਾਲੇ, ਫਿਰ ਚੌਦਾਂ ਛੰਦ ਅਨੰਦ ਵਾਲੇ ਹਨ॥ ੧੫॥

**ਇਤਿ ਸ੍ਰੀ ਸਾਰੁਕਤਾਵਲੀ ਤਿਹ ਚੌਦਸਿ ਅਧਿਆਇ॥**
**ਸਿਖਿਆ ਬਰਨੀ ਤਾਸ ਮੈ ਕਬਿ ਹਰਿਦਯਾਲ ਸੁਭਾਇ॥**

ਇਤਿ ਸ੍ਰੀ ਸਾਰੁਕਤਾਵਲੀ ਟੀਕਾ ਚੌਧਵਾਂ ਅਧਿਆਇ ਸਮਾਪਤ ਹੋਇਆ। ਤਿਸ ਮੇਂ ਉੱਤਮ ਸਿੱਖਿਆ ਦਾ ਉਲੇਖ ਕੀਤਾ ਹੈ ਕਵੀ ਜੀ ਨੇ॥ ੧੪॥

## ਅਥ ਪੰਦਰਵਾਂ ਅਧਿਆਇ

**ਦੋਹਰਾ॥ ਅਥ ਪੰਦ੍ਸ ਅਧਿਆਇ ਮੇਂ ਮਿਸ੍ਰਤ ਇਕੀ ਛੰਦ।**

ਅਥ ਪੰਦਰਵੇਂ ਅਧਿਆਇ ਵਿਚ ਮਿਲੇ ਹੋਏ ਸਾਰੇ ਇੱਕੀ ਛੰਦ ਹਨ।

**ਪਟੁ ਹ੍ਵੈ ਸਠ ਘਟ ਸੈਂ ਠਟੈ ਇਤ ਉਤ ਮੈ ਆਨੰਦ॥**

ਮੂਰਖ ਭੀ ਹਿਰਦੇ ਵਿਚ ਧਾਰੇ ਤੇ ਚਤੁਰ ਹੋਵੇਗਾ ਤੇ ਲੋਕ ਵਿਖੇ ਆਨੰਦ ਦੇਣ ਵਾਲੇ ਹੈਂ।

**ਨਰਾਜ ਛੰਦ॥ ਪਤਾਲ ਮੇਂ ਪ੍ਰਵੇਸ਼ ਇੰਦ੍ ਲੋਕ ਮੇਂ ਪ੍ਰਵੇਸ਼ ਹ੍ਵੈ॥**

ਪੁਰਖ ਪਤਾਲ ਵਿਚ ਜਾਏ, ਭਾਵੇਂ ਸਵਰਗ ਲੋਕ ਵਿਚ ਜਾਏ।

**ਗ਼ਰਿੰਦ ਜੋ ਸੁਮੇਰ ਚਾਰੁ ਤਾਂਹਿ ਪੈ ਨਿਵੇਸ ਹ੍ਵੈ॥**

ਸੁਮੇਰ ਪਰਬਤ ਜੋ ਸੁੰਦਰ ਹੈ, ਸਭ ਪਰਬਤਾਂ ਦਾ ਸ਼ਰੋਮਣੀ ਹੈ, ਭਾਵੇਂ ਉਸ ਉਤੇ ਜਾ ਵਾਸਾ ਕਰੇ।

**ਜੁ ਮੰਤ੍ ਭੇਖ ਜੰਕਰੈ ਬਿਯਾਧ ਹਾਰ ਕਾਰਣੰ॥**

ਫਿਰ ਮੰਤਰੂ ਜਾਣਦਾ ਹੋਵੇ, ਦਵਾਈਆਂ ਕਰਦਾ ਹੋਵੇ।

**ਜੁ ਹੋਨਿ ਹ੍ਵੈ ਹੋਇ ਅਤ੍ ਹੇਤ ਨ ਬਿਚਾਰਣੰ॥ ੧॥**

ਤਾਂ ਭੀ ਜੋ ਹੋਣਾ ਹੈ ਸੋ ਹੋ ਜਾਂਦਾ ਹੈ।। ੧।।

**ਦੋਹਰਾ।। ਮੂਰਖ ਕਾ ਬਲ ਮੌਨ ਹੈ ਤਸਕਰ ਕਾ ਬਲ ਝੂਠ।**

ਮੂਰਖ ਕਾ ਬਲ ਹੈ ਚੁੱਪ ਕਰ ਰਹੇ, ਚੋਰ ਕਾ ਬਲ ਹੈ ਝੂਠੀ ਬਾਤ ਕਹਿਣੀ, ਸੱਚੀ ਬਾਤ ਕਹੇ ਤਾਂ ਕੈਦ ਹੋਤਾ ਹੈ।

**ਦੁਰਬਲ ਕੋ ਬਲ ਭੂਪ ਹੈ ਸਿਸ ਬਲ ਰੋਵਨ ਰੂਠ।। ੨।।**

ਗਰੀਬ ਕਾ ਬਲ ਪਾਤਸ਼ਾਹ ਹੈ, ਲੜਕੇ ਕਾ ਬਲ ਰੋਣਾ ਤੇ ਰੁੱਸਣਾ ਹੈ।। ੨।।

**ਪ੍ਰਾਤ ਅੰਨ ਭੋਜਨ ਕਰਿਯੋ ਸਾਂਝ ਸਮੈ ਦ੍ਰੁਤਿ ਨਾਸ।**

ਸਵੇਰ ਵੇਲੇ ਜੋ ਰੋਟੀ ਖਾਂਦਾ ਹੈ, ਸ਼ਾਮ ਨੂੰ ਉਸ ਨੂੰ ਜਲਦੀ ਭੁੱਖ ਲੱਗ ਜਾਂਦੀ ਹੈ।

**ਤਿਹ ਰਸ ਕਰ ਉਪਜੈ ਜੁ ਤਨ ਕਹਾਂ ਨਿੱਤਤਾ ਤਾਸ।। ੩।।**

ਉਸ ਅੰਨ ਦਾ ਜੋ ਰਸ ਉਤਪਤ ਹੁੰਦਾ ਹੈ ਸਰੀਰ ਉਸ ਦੀ ਸਥਿਰਤਾਈ ਕੈਸੇ ਹੈ।। ੩।।

**ਸੋਰਠਾ।। ਸਭ ਅਨਿੱਤ ਹੈ ਕਾਇ ਸਭ ਵਿਭੂਤ ਖਿਨ ਭੰਗਰੀ।।**

ਸਭ ਸਰੀਰ ਨਾਸ ਰੂਪ ਹੈ। ਧਨ ਭੀ ਨਾਸ ਰੂਪ ਹੈ।

**ਨਿਕਟ ਕਾਲ ਨਿੱਤ ਆਇ ਧਰਮ ਸੰਗ੍ਰਹੈ ਯੋਗ ਕੋ।। ੪।।**

ਜਿਉਂ-ਜਿਉਂ ਵਕਤ ਬੀਤਦਾ ਹੈ ਤਿਉਂ-ਤਿਉਂ ਉਮਰ ਘਟਦੀ ਹੈ, ਤਾਂ ਤੇ ਪੁਰਖ ਨੂੰ ਹੁਣ ਧਰਮ ਇਕੱਠਾ ਕਰਨਾ ਯੋਗ ਹੈ।। ੪।।

*ਸਵੈਯਾ।।*

**ਆਧਿ ਬਿਆਧਿ ਬਿਨਾ ਤਨ ਮਾਨਸ ਮਾਨਸ ਜੋ ਅਪਨੇ ਜਬ ਹੇਰੇ।**

ਜਿਸ ਵਕਤ ਆਧ ਬਿਆਧ ਜੋ ਦੁੱਖ ਹੈ ਇਹਨਾਂ ਤੋਂ ਬਿਨਾਂ ਜੋ ਮਨੁੱਖ ਆਪਣੇ ਸਰੀਰ ਕੋ ਦੇਖੇ।

**ਅੰਨ ਪਟਾਦਿ ਅਨਾਥਨ ਕੇ ਘਰ ਦ੍ਵੈ ਕਰ ਜੋਰ ਦਏ ਪੁਨ ਟੇਰੇ॥**

ਅੰਨ ਬਸਤਰ ਆਦਿ ਗਰੀਬ ਕੇ ਘਰ ਜਾ ਕੇ ਦੋ ਹੱਥ ਜੋੜ ਕਰ ਕਹੇ।

**ਖਾਇ ਹੰਢਾਇ ਧਿਆਇ ਹਰੀ ਚਿਰ ਜੀਵਹੁ ਜੀ ਤੁਮ ਬ੍ਾਂਧਵ ਮੇਰੇ।**

ਭਰਾਵੋ ਅੰਨ ਖਾਓ, ਕੱਪੜੇ ਹੰਡਾਓ, ਪਰਮੇਸ਼ਰ ਦਾ ਭਜਨ ਕਰ ਸਦਾ ਹੀ ਜੀਵੋ।

**ਤਾਸ ਅਸੀਸਹਿ ਤੇ ਜਗਦੀਸ ਕਰੇ ਮਨ ਸੁੱਧ ਸੁ ਸਾਂਝ ਸਵੇਰੇ॥ ੫॥**

ਤੁਸੀਂ ਮੇਰੇ ਸਰਬੰਧੀ ਹੋ, ਗਰੀਬਾਂ ਦੀਆਂ ਅਸੀਸਾਂ ਤੋਂ ਪਰਮੇਸ਼ਰ ਕੋ ਸ਼ੁੱਧ ਕਰੇਗਾ॥ ੫॥

**ਦੋਹਰਾ॥ ਗੁਣ ਸਫਟਕ ਕੋ ਜੋ ਅਹੈ ਵਹੀ ਦੋਖ ਕੋ ਹੇਤ॥**

ਦਿੱਤੀ ਮਨੀ ਕਾ ਗੁਣ ਹੈ, ਜਿਸ ਰੰਗ ਦੀ ਵਸਤੂ ਉਸ ਪਾਸ ਰੱਖੀਏ ਉਸੀ ਰੰਗ ਕੋ ਆਪਣੇ ਵਿਚ ਵਿਖਾਈ ਦੇਂਦੀ ਹੈ, ਤਾਂ ਤੇ ਇਹ ਜੋ ਗੁਣ ਹੈ, ਇਹ ਹੀ ਦੋਖ ਦਾ ਕਾਰਨ ਹੈ।

**ਤੈਸੇ ਸਾ ਸਵੈ ਆਤਮਾ ਨਿਰਮਲ ਭੀ ਮਲ ਲੇਤ॥ ੬॥**

ਤੈਸੇ ਹੀ ਸਵੈ ਆਰਸ ਜੋ ਆਤਮਾ ਹੈ, ਉਹ ਭੀ ਮਲ ਕੋ ਗ੍ਰਹਿਣ ਕਰਤਾ ਹੈ, ਕਹਿਤਾ ਹੈ ਮੈਂ ਸੁਖ ਮੈਂ ਦੁਖੀ, ਯੇਹ ਚੀਜ਼ ਮੇਰੀ ਹੈ, ਯੇਹ ਤੇਰੀ ਹੈ॥ ੬॥

**ਨਰਾਜ ਛੰਦ॥ ਜਟਾ ਨ ਗੰਗ ਇੰਦ ਕੋ ਸਿਵਾਰਧਾਂਗ ਧਾਰ ਹੋ॥**

ਨਾ ਮੇਰੇ ਸਿਰ ਤੇ ਜਟਾਂ ਹਨ, ਨਾ ਮੱਥੇ ਤੇ ਚੰਦ੍ਰਮਾ ਹੈ, ਨਾ ਮੈਂ ਪਾਰਬਤੀ ਕੋ ਧਾਰਨ ਕੀਤਾ ਹੈ।

**ਭੁਜੰਗ ਭੰਗ ਕੋ ਅਹਾਰ ਹਾਰ ਮਾਰ ਮਾਰ ਹੋ।**

ਨਾ ਮੇਰੇ ਪਾਸ ਸੱਪ ਹੈ, ਨਾ ਮੈਂ ਭੰਗ ਪੀਂਦਾ ਹਾਂ, ਨਾ ਮੈਂ ਬਿਖ ਧਾਰੀ ਹਾਂ, ਨਾ ਮੈਂ ਕਾਮਦੇਵ ਨੂੰ ਜਿੱਤਿਆ ਹੈ।

**ਤ੍ਰਿਸੂਲ ਡੌਰੂ ਧੂਰ ਧਾਰ ਰੁੰਡ ਮਾਲ ਆਬਿਤੰ॥**

ਨਾ ਤ੍ਰਿਸੂਲ ਹੈ, ਨਾ ਡੌਰੂ ਹੈ, ਨਾ ਮੈਂ ਸਵਾਹ ਮਲੀ ਹੋਈ ਹੈ, ਨਾ ਮੁੰਡੀਆਂ ਦੀ ਮਾਲਾ ਪਾਈ ਹੋਈ ਹੈ।

**ਇਤੀ ਬਿਭੂਤ ਵਾਰ ਹੈਂ ਤਥਾਪਿ ਮੈ ਸ਼ਿਵਾ ਕ੍ਰਿਤੰ॥ ੭॥**

ਸ਼ਿਵਜੀ ਇਤਨੀ ਬਿਭੂਤੀ ਵਾਲੇ ਹੈਂ, ਮੈਂ ਬਿਭੂਤੀ ਵਾਲਾ ਨਹੀਂ ਹਾਂ, ਤਾਂ ਭੀ ਕਲਿਆਣੀ ਰੂਪ ਹਾਂ॥ ੭॥

**ਸਵੈਯਾ॥ ਏਕ ਸਰੀਰ ਸਬੰਧ ਭਏ ਜਨਮਾਂਤਰ ਕੀ ਗਨਤੀ ਕਛੁ ਨਾਹੀ।**

ਇਸ ਮਨੁੱਖ ਦੇ ਦੇਹ ਹੋਣ ਕਰਕੇ ਸਚਾਸ ਕਰਮ ਕਰਨੇ ਸੇ ਅਨੇਕਾਂ ਹੀ ਜਨਮ ਪਾਈਦੇ ਹਨ, ਕੁਛ ਗਿਣਤੀ ਨਹੀਂ ਕੀਤੀ ਜਾਂਦੀ।

**ਤਾਂ ਪਰ ਜੋ ਅਨਰਾਗ ਕਰੇ ਸੁਤ ਮਾਤ ਪਿਤਾ ਤਰੁਨੀ ਧਨ ਮਾਹੀ।**

ਤਿਸ ਦੇ ਉਪਰ ਜੋ ਪਰੀਤ ਕਰੇ, ਪੁੱਤਰ, ਮਾਤਾ ਪਿਤਾ, ਇਸਤਰੀ, ਧਨ ਨਾਲ।

**ਸਾਰ ਅਸਾਰ ਵਿਚਾਰਤ ਭੀ ਤਜ ਸਾਰ ਅਸਾਰ ਵਿਖੇ ਲਪਟਾਹੀ।**

ਇਹਨਾਂ ਵਿਚ ਸਾਰ ਅਸਾਰ ਕੋ ਜਾਣਦਾ ਭੀ ਹੈ, ਤੋ ਭੀ ਭਜਨ ਨੂੰ ਛੱਡ ਕੇ ਮੰਦ ਕਰਮ ਮੇਂ ਲਗਦਾ ਹੈ।

**ਫੇਰ ਕਹੇ ਹਮ ਜੀਵਨ ਮੋਖ ਸੁ ਏ ਕਲੂ ਕਾਲ ਕੇ ਲੱਖਣ ਆਹੀ॥ ੮॥**

ਫੇਰ ਜਗਤ ਵਿਚ ਕਹਿੰਦਾ ਹੈ ਮੈਂ ਜੀਵਨ ਮੁਕਤ ਹਾਂ, ਇਹ ਕਲਜੁੱਗ ਦੇ ਲੱਛਣ ਹਨ॥ ੮॥

**ਗ੍ਰੰਥ ਅਪਾਰ ਵਿਚਾਰ ਵਿਚਾਰ ਗਵਾਰ ਮਹਾ ਮਦ ਕੇ ਸੁਖ ਭੂਲਾ।**

ਗਰੰਥ ਕੋ ਪੜ੍ਹ ਕੇ ਵਿਚਾਰ ਕਰਕੇ ਮੂਰਖ ਬੜੇ ਹੰਕਾਰ ਕੇ ਸੁਖ ਭੂਲ ਰਿਹਾ ਹੈ।

**ਪੰਡਤ ਹ੍ਵੈ ਵਿਚਰੇ ਭਵ ਮੇਂ ਨਿਜ ਪ੍ਰੋਜਨ ਡਾਰ ਦਯੋ ਅਨੁਕੂਲਾ।**

ਪੰਡਤ ਬਣ ਕੇ ਵਿਚਰਦਾ ਹੈ, ਸੰਸਾਰ ਵਿਚ ਆਪਣਾ ਪ੍ਰਯੋਜਨ ਹੈ ਮੁਕਤੀ ਕੋ ਛੋੜ ਦਿੱਤਾ।

**ਔਰਨ ਕੋ ਉਪਦੇਸ਼ ਬਤਾਵਤ ਆਪ ਬੰਧਯੋ ਜੈਸੇ ਗਡ ਕੋ ਜੂਲਾ।**

ਲੋਕਾਂ ਨੂੰ ਉਪਦੇਸ਼ ਦੇਂਦਾ ਹੈ, ਆਪ ਸੰਸਾਰ ਵਿਚ ਐਸਾ ਬੱਧਾ ਹੈ, ਜੈਸੇ ਗੱਡ ਦਾ ਜੂਲਾ ਹੁੰਦਾ ਹੈ।

**ਸੁੰਦਰ ਊਪਰ ਤੇ ਵਹੁ ਦੀਸਤ ਭੀਤਰ ਯੌ ਜੈਸੇ ਕਿੰਸਕੁ ਫੂਲਾ॥ ੯॥**

ਉਪਰੋਂ ਤਾਂ ਚੰਬੇ ਦੇ ਫੁੱਲ ਵਰਗਾ ਸੁੰਦਰ ਦਿੱਸਦਾ ਹੈ, ਵਿਚੋਂ ਢਾਕ ਦੇ ਫੁੱਲ ਸਮਾਨ ਹੈ॥ ੯॥

**ਦੇਹ ਸ਼ਿੰਗਾਰ ਅਹਾਰ ਰਜੋ ਗੁਣ ਮੂੜਨ ਸੰਗ ਵਿਚਿਤ੍ਰ ਮੰਦਰ।**

ਦੇਹ ਦਾ ਸ਼ਿੰਗਾਰ ਕੀ ਹੈ, ਰਜੋ ਗੁਣ ਮਾਸ ਸ਼ਰਾਬ ਆਦਿਕ ਦਾ ਖਾਣਾ, ਮੂਰਖਾਂ ਦਾ ਸ਼ਿੰਗਾਰ ਕੀ ਹੈ, ਨਾਨਾ ਪ੍ਰਕਾਰ ਦੇ ਮੰਦਰ ਬਨਾਵਣੇ।

**ਨਾਰਿ ਨਿਰੂਪਨ ਕਾਵਯ ਜੋ ਹੈਂ ਪੁਨ ਮੈਥੁਨ ਆਠ ਜੁ ਗ੍ਰੰਥਨ ਅੰਦਰ।**

ਇਸਤਰੀਆਂ ਦੀ ਕਥਾ ਵਾਲੇ ਗਰੰਥ ਪੜ੍ਹਨ, ਇਹਨਾਂ ਵਿਚ ਅੱਠ ਪਰਕਾਰ ਦਾ ਭੋਗ ਕਿਹਾ ਹੈ।

**ਕਾਮਨਿ ਕੋ ਫਲ ਦੇਵਨ ਲੇਵਨ ਕੰਦ੍ਰਪ ਕ੍ਰੋਧ ਲੋਭਾਦਿ ਕਲੰਦਰ।**

ਇਸਤਰੀਆਂ ਕੋ ਫਲ ਦੇਣਾ ਲੈਣਾ, ਕਾਮ, ਕਰੋਧ, ਲੋਭ ਆਦਿਕ ਦੇਹ ਕਲੰਦਰ ਹੈ, ਜੋ ਪੁਰਸ਼ ਨੂੰ ਬਾਂਦਰ ਦੀ ਤਰ੍ਹਾਂ ਨਚਾਵਣ ਵਾਲੇ ਹਨ।

**ਜੋ ਬਡਭਾਗ ਵਿਰਾਗ ਚਹੈ ਤਬ ਤਯਾਗ ਚਹੇ ਇਤਿਆਦਿਕ ਸੁੰਦਰ॥ ੧੦॥**

ਜੋ ਵੱਡਿਆਂ ਭਾਗਾਂ ਵਾਲੇ ਵਿਰਾਗ ਨੂੰ ਚਾਹੇ ਭਾਵ ਸੁਖ ਲੈਣਾ ਚਾਹੇ, ਸੋ ਹੁਣੇ ਹੀ ਇਹਨਾਂ ਸੁੰਦਰ ਪਦਾਰਥਾਂ ਨੂੰ ਤਿਆਗ ਦੇਵੇ॥ ੧੦॥

**ਕਾਮ ਕਹੇ ਮਮ ਰਾਖਤ ਜੋ ਤਿਨ ਕੀ ਰੱਖਯਾ ਤਿੰਨ ਦੇਵ ਕਰੈਂਗੇ।**

ਕਾਮ ਕਹਿਤਾ ਹੈ ਜੋ ਮੈਨੂੰ ਰੱਖਦਾ ਹੈ, ਤਿਸਦੀ ਰੱਖਿਆ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਕਰਦੇ ਹਨ।

**ਜੋ ਮਮ ਤਯਾਗ ਕੁ ਭੂਮਿ ਕਰੈ ਤਿਨ ਦੈਵ ਕੁਪੈਂ ਸਭ ਸੂਖ ਹਰੈਂਗੇ।**

ਜੋ ਪੁਰਸ਼ ਮੈਨੂੰ ਪਰ-ਇਸਤਰੀ ਵਿਖੇ ਤਿਆਗਦਾ ਹੈ, ਤਿਸ ਉਤੇ ਤਿੰਨ ਦੇਵਤੇ ਕਰੋਧਵਾਨ ਹੁੰਦੇ ਹਨ।

**ਠੌਰ ਨਹੀਂ ਤਿਨ ਲੋਕ ਬਿਖੇ ਤ੍ਰਿਨਯੋਂ ਭ੍ਰਮ ਹੈਂ ਸ੍ਰਮ ਪੁੰਜ ਧਰੈਂਗੇ।**

ਤਿਸ ਕੇ ਸੁਖ ਕੋ ਨਾਸ ਕਰਨਗੇ, ਤਿਸਕੋ ਪਤਾਲ ਲੋਕ ਜਗ੍ਹਾ ਨਹੀਂ ਮਿਲੇਗੀ। ਸੁੱਕੇ ਘਾਸ ਦੇ ਸਮਾਨ ਭਰਮੇਗਾ, ਬਾਦ ਕਸ਼ਟ ਸਹਾਰੇਗਾ।

**ਜਾਰਤ ਹੈਂ ਤਿੰਨ ਤਾਪ ਤਿਨੋ ਮਨ ਧਾਰਤ ਆਰਿਤ ਸਿੰਧੁ ਤਰੈਂਗੇ।। ੧੧।।**

ਅਧਯਾਤਮ ਅਧਦੇਵ ਤਿੰਨੇ ਹੀ ਉਸ ਕੋ ਸਤਾਣਗੇ, ਜੋ ਮੈਨੂੰ ਦੁਖੀ ਹੋ ਕੇ ਰੱਖੇਗਾ ਉਹ ਸੰਸਾਰ ਰੂਪੀ ਸਮੁੰਦਰ ਤੋਂ ਤਰ ਜਾਏਗਾ।। ੧੧।।

**ਚੰਚਲ ਸੰਗਤ ਤੇ ਚਿਤ ਚੰਚਲ ਅੰਚਲ ਦਾਗ ਲਗੇ ਕਿਲ ਖਾਸੋ।**

ਇਸਤਰੀ ਦੀ ਸੰਗਤ ਕਰਕੇ ਚਿੱਤ ਜੋ ਚੰਚਲ ਹੈ, ਕਪੜੇ ਸਮਾਨ ਉਸਕੋ ਦਾਗ ਲੱਗਦਾ ਹੈ।

**ਤਾਸੋਂ ਕਦਾਚਿਤ ਬਾਚਤ ਨਾ ਅਨਥਾ ਨਹਿ ਬਾਚਤ ਕੋਟਿ ਕਲਾਸੋ।**

ਇਸ ਕਰਕੇ ਇਸਤਰੀ ਨਾਲ ਕਦੀ ਨਾ ਬੋਲ, ਇਹ ਬਾਤ ਝੂਠੀ ਜੋ ਕਰੇਗਾ ਨਹੀਂ ਬਚੇਗਾ ਕਰੋੜ ਉਪਾਉ ਸੇ।

**ਅੰਮ੍ਰਿਤ ਪਾਨ ਕਲਾਲ ਗਹੇ ਪਰ ਜਾਨੇ ਸ਼ਰਾਬ ਸਭੀ ਅਕਲਾਸੋ।**

ਜੇ ਸ਼ਰਾਬ ਵਾਲੇ ਘਰ ਅੰਮ੍ਰਿਤ ਪੀਵੇ ਤੋ ਭੀ ਸਭ ਕੋਈ ਕਹੇਗਾ ਸ਼ਰਾਬ ਪੀ ਕੇ ਆਇਆ ਹੈ।

**ਨੀਚ ਕੀ ਸੰਗ ਤੇ ਮੀਚ ਭਲੀ ਪਰਮਾਰਥ ਬੀਚ ਬਿਰੋਧ ਨਾ ਮਾਸੋ।। ੧੨।।**

ਪਰ-ਇਸਤਰੀ ਦੀ ਸੰਗਤ ਨਾਲੋਂ ਮੌਤ ਚੰਗੀ ਹੈ। ਪਰ ਕਿਉਂਕਿ ਪਰਮਾਰਥ ਵਿਖੇ ਵਿਰੋਧ ਤੇ ਨਾ ਪਏ।। ੧੨।।

**ਢਿਗ ਛੈਲ ਤੇ ਮੈਲ ਲਗੇ ਦਿਲ ਕੋ ਤਿੰਹ ਗੈਲ ਸੁਧੀ ਨਾ ਕਬੀ ਪਰ ਹੈ।**

ਇਸਤਰੀ ਦੇ ਪਾਸ ਹੁੰਦਿਆਂ ਮਨ ਕੋ ਮੈਲ ਲੱਗਦੀ ਹੈ, ਤਿਸ ਵਾਸਤੇ ਬੁੱਧੀਮਾਨ ਕਦੇ ਨਾ ਜਾਏ।

**ਮਦ ਪਾਨ ਸਮਾਨ ਧਿਆਇ ਤਿਸੇ ਹਰਦਜਾਲ ਕਹੇ ਬਿਖ ਕੋ ਸਰ ਹੈ॥**

ਜੈਸੇ ਸ਼ਰਾਬ ਪੀਣ ਨਾਲ ਪੁਰਖ ਬੌਰਾ ਹੁੰਦਾ ਹੈ, ਐਸਾ ਹੀ ਨਾਰੀ ਕਾ ਦੇਖਣਾ ਹੈ। ਹਰਦਿਆਲ ਜੀ ਕਹਿਤੇ ਹੈਂ।

**ਜਿਹ ਹੇਰਨ ਤੇ ਹਿਰਦਾ ਹਲ ਹੈ ਪ੍ਰਸ਼ਨੋਤਰ ਤੇ ਉਰ ਕੋ ਛਰ ਹੈ।**

ਨਾਰੀ ਵਿਖੇ ਤਲਾਵ ਹੈ, ਤਿਸ ਦੇ ਦੇਖਣ ਨਾਲ ਆਦਮੀ ਦਾ ਹਿਰਦਾ ਡੋਲਦਾ ਹੈ, ਬਾਤ ਕਰਨ ਨਾਲ ਹਿਰਦੇ ਨੂੰ ਪਕੜ ਲੈਂਦੀ ਹੈ।

**ਖਲ ਚੰਚਲ ਸੰਗਤ ਵਾਂਗ ਹਿਮਾਚਲ ਜੋ ਪਰ ਹੈ ਗਰ ਹੈ॥ ੧੩॥**

ਨਿਸਚੇ ਕਰ ਕੇ ਨਾਰੀ ਦੀ ਸੰਗਤ ਹਿਮਾਲੇ ਪਹਾੜ ਸਮਾਨ ਹੈ, ਜੋ ਪੀਏਗਾ ਉਹ ਗਲ ਜਾਏਗਾ॥ ੧੩॥

**ਰਘੁਬੀਰ ਰਿਦੇ ਹਮ ਜਾਨਤ ਭੀ ਭਵ ਭੋਗ ਸਰੋਗ ਬੁਰੇ ਤੇ ਬੁਰੇ।**

ਹੇ ਪਰਮੇਸ਼ਰ! ਹਿਰਦੇ ਕਰਕੇ ਹਮ ਜਾਨਤੇ ਹੈਂ, ਸੰਸਾਰ ਦੇ ਭੋਗ ਬੁਰੇ ਤੋਂ ਬੁਰੇ ਹੈਂ।

**ਪਰ ਪੂਰਬ ਪਾਪਨ ਕੇ ਬਲ ਤੇ ਮਨ ਮੋਰ ਪਦਾਰਥ ਓਰ ਢੁਰੇ॥**

ਪਿਛਲੇ ਜਨਮ ਦੇ ਫਲ ਕਰਕੇ ਮੇਰਾ ਮਨ ਪਦਾਰਥਾਂ ਵੱਲ ਜਾਂਦਾ ਹੈ। ਭਾਵ ਵਿਸ਼ੇ ਭੋਗਣ ਨੂੰ ਦਿਲ ਕਰਦਾ ਹੈ।

**ਹਮ ਮੋਰਤ ਜੋਰਤ ਨਾ ਰੁਚਿ ਸੋ ਮੁਰ ਹੈ ਵਿਖਿਓਂ ਮਹਿੰ ਫੇਰ ਜੁਰੇ॥**

ਮੈਂ ਮੋੜਦਾ ਹਾਂ ਪ੍ਰੀਤੀ ਨਾਲ ਨਹੀਂ ਜੁੜਦਾ, ਫੇਰ ਵਿਸ਼ਿਆਂ ਵਿਚ ਜੁੜਦਾ ਹੈ।

**ਬਹੁਬਾਰ ਜੁਹਾਰ ਹਰੀ ਵਰ ਦੇ ਤਵ ਛੋਰ ਕਹੂੰ ਨਹਿੰ ਚਿੱਤ ਫੁਰੇ॥ ੧੪॥**

ਬਹੁਤ ਵਾਰ ਨਮਸ਼ਕਾਰ ਹੈ, ਹੇ ਹਰੀ! ਇਹ ਵਰ ਦੇਹ ਕਿ ਤੇਰੇ ਨਾਮ ਨੂੰ ਛੱਡ ਕੇ ਵਿਸ਼ਿਆਂ ਵਿਚ ਨਾ ਮਨ ਲੱਗੇ।

*ਰੁਆਲ ਛੰਦ॥*

**ਤਨ ਰਥ ਮਨ ਰਥਵਾਹੀ ਜਾਨੋ ਪ੍ਰਬਲ ਦੁਸ਼ਟ ਇੰਦਰੈ ਹੈਂ ਘੋਰੇ।**

ਸਰੀਰ ਰੱਥ ਹੈ, ਮਨ ਰਥਵਾਹੀ, ਦਸ ਇੰਦਰੇ ਦੁਸ਼ਟ, ਏਹ ਘੋੜੇ ਹਨ।

**ਮਨ ਰਥਵਾਹੀ ਇੰਦ੍ਰਯ ਅਸ੍ਵਨ ਸੁਭ ਮਾਰਗ ਮੈਂ ਬਲ ਕਰ ਟੋਰੇ।**

ਮਨ ਰੱਥ ਚਲਾਉਣ ਵਾਲਾ ਜੋ ਹੈ ਸ਼ੁਭ ਰਸਤੇ ਮਿਲ ਕਰਕੇ ਲਗਾਇ ਰਹੀ ਹੈ।

**ਸ਼ੋਭਤ ਦੇਹ ਸਿਯੰਦਨ ਮਹਿ ਜੀਵਾਤਮ ਕੋ ਪਰਮਾਤਮ ਜੋਰੇ॥**

ਰੱਥ ਰੂਪ ਦੇਹ ਜੀਵ ਆਤਮਾ ਕੋ ਈਸ਼ਵਰ ਵੱਲ ਜੋੜ ਕੇ।

**ਅਚੁਤ ਪੂਰਨ ਕਾਮ ਸ੍ਵਾਮਿ ਭਵ ਬਿਸ਼ਨ ਵਹੀ ਜੋ ਦੁਬਿਧਾ ਛੋਰੇ॥੧੫॥**

ਪੂਰਨ ਕਾਮਨਾ ਕਰਨ ਵਾਲਾ ਸੰਸਾਰ ਵਿਚ ਵਿਸ਼ਨੂੰ ਭੀ ਓਹੀ ਹੈ, ਜੋ ਦੁਐਤ ਨੂੰ ਛੱਡ ਦੇਵੇ॥ ੧੫॥

*ਕਬਿੱਤ॥*

**ਪੁਨਨ ਕੋ ਆਰੀ ਹੈ ਕਿ ਪਾਪਨ ਕੀ ਕਿਆਰੀ ਹੈ।**
**ਕਿ ਕੀਰਤ ਕੁਹਾਰੀ ਹੈ ਕਿ ਧਨ ਕੋ ਕਟਾਰੀ ਹੈ॥**

ਨਾਰੀ ਪੁੰਨਾਂ ਨੂੰ ਕੱਟਣ ਵਾਲੀ ਆਰੀ ਹੈ, ਪਾਪਾਂ ਦੀ ਬਗੀਚੀ ਹੈ, ਜੱਸ ਨੂੰ ਕੁਹਾੜੀ ਹੈ, ਧਨ ਨੂੰ ਕਟਾਰੀ ਹੈ।

**ਸ਼ਾਂਤ ਕੋ ਬੁਹਾਰੀ ਹੈ ਕਿ ਕਾਂਤ ਕੋ ਕੁਠਾਰੀ ਹੈ।**
**ਕ੍ਰਿਤਾਂਤ ਦੂਤੀ ਭਾਰੀ ਹੈ ਕਿ ਕੁਲ ਕੋ ਅੰਗਾਰੀ ਹੈ॥**

ਸ਼ਾਂਤੀ ਨੂੰ ਬੁਹਾਰੀ ਹੈ, ਸੁੰਦਰਤਾਈ ਨੂੰ ਕੱਟਣ ਵਾਲੀ ਕੁਹਾੜੀ ਹੈ, ਨਰਕ ਦੇਨੇ ਵਾਲੀ ਦੂਤੀ ਹੈ, ਚੰਗੀ ਕੁਲ ਕੋ ਸਾੜਨ ਵਾਲੀ ਅਗਨੀ ਹੈ।

**ਚਿੰਤਾ ਮਹਤਾਰੀ ਹੈ ਕਿ ਛਲ ਮੇਂ ਮਦਾਰੀ ਹੈ।**
**ਕਿ ਰੋਗ ਕੀ ਪਟਾਰੀ ਹੈ ਕਿ ਕਲੈ ਕੀ ਦੁਆਰੀ ਹੈ॥**

ਚਿੰਤਾ ਕੀ ਮਾਤਾ ਮਦਾਰੀ ਸਮਾਨ ਛਲਦੀ ਹੈ, ਰੋਗਾਂ ਦੀ ਪਟਾਰੀ ਹੈ, ਲੜਾਈ ਦਾ ਦਰਵਾਜ਼ਾ ਹੈ।

**ਗੁਣ ਕੂਪ ਘਾਰੀ ਹੈ ਕਿ ਗਜਾਨ ਬਾਟ ਪਾਰੀ ਹੈ।**
**ਐਸੀ ਨਾਰੀ ਵਿਭਚਾਰੀ ਯਾਤੇ ਰਾਖੇ ਗਿਰਧਾਰੀ ਹੈ।। ੧੬।।**

ਗੁਣਾਂ ਰੂਪੀ ਖੂਹੇ ਕੀ ਘਾਰੀ ਹੈ, ਗਿਆਨ ਰੂਪ ਗਾਹ ਕੇ ਮਾਰਤ ਹੈ, ਐਸੀ ਨਾਰੀ ਵਿਭਚਾਰਨ ਹੈ, ਜਿਸ ਤੋਂ ਪਰਮੇਸ਼ਰ ਰੱਖਿਆ ਕਰੇ।। ੧੬।।

**ਕੌਤਕ ਨਮਿੱਤ ਕਹੂੰ ਜਨ ਜਿਨ ਮੋਲ ਲੀਨੋ**
**ਗੁਣਾ ਗਣ ਚੀਨੋ ਖੇਦ ਮੋਦ ਭਯੋ ਜੀਨੋ ਹੈ।**

ਤਮਾਸ਼ਾ ਦੇਖਣ ਵਾਸਤੇ ਸ਼ਾਹੂਕਾਰ ਨੇ ਇਕ ਜਿੰਨ ਮੁਲ ਲੈ ਕੇ ਗੁਣ ਔਗਣ ਜਾਣ ਲੀਤਾ, ਗੁਣ ਸੁਣ ਕੇ ਸੁਖੀ, ਔਗੁਣ ਸੁਣ ਕੇ ਦੁਖੀ ਹੋਇਆ।

**ਕਹੈ ਕਾਮ ਔਖੋ ਝਟ ਪਟ ਕਰ ਦੇਤ ਸੌਖੋ**
**ਭਯੋ ਧੋਖੋ ਭਾਰੀ ਮਨ ਸੁਤਾ ਮੰਤ੍ਰ ਲੀਨੋ ਹੈ।**

ਜਿੰਨ ਨੂੰ ਔਖਾ ਕੰਮ ਕਹੇ, ਸੋ ਉਹ ਜਲਦੀ ਨਾਲ ਕਰਕੇ ਫੇਰ ਆ ਕੇ ਕਹੇ ਹੋਰ ਦੱਸੋ ਸ਼ਾਹੂਕਾਰ ਜੀ। ਦੁਖੀ ਹੋ ਕੇ ਘਰ ਜਾ ਕੇ ਪੁੱਤਰ ਪਾਸੋਂ ਸਲਾਹ ਲੀਤੀ।

**ਅਘ੍ਰ ਗਾਡੀ ਦਾਰ ਗੁਰ ਯਾਤੇ ਰੋ ਚੜੌਤਰ ਤੂੰ**
**ਕਹਯੋ ਧਨੀ ਮਾਨਯੋ ਯਾਤੇ ਭੂਤ ਬਲ ਖੀਨੋ ਹੈ।**

ਪੁੱਤਰ ਨੇ ਵੇਹੜੇ ਵਿਚ ਵਾਂਸ ਗਢਵਾ ਦਿੱਤਾ ਤੇ ਕਿਹਾ, ਇਸ ਉਪਰ ਚੜ੍ਹ ਤੇ ਉੱਤਰ, ਇਸ ਤਰ੍ਹਾਂ ਉਸ ਜਿੰਨ ਦਾ ਬਲ ਦੂਰ ਹੋ ਗਿਆ।

**ਕੈ ਸੂਰੂਪ ਲਾਵੈ ਕੋ ਸੂਰੂਪ ਗੀਤ ਗਾਵੈ**
**ਐਸੇ ਸੰਤ ਜਨੋ ਜਿਨ ਮਨ ਭੂਤ ਬਸ ਕੀਨੋ ਹੈ।। ੧੭।।**

ਆਪਣੇ ਮਨ ਕੋ ਸਰੂਪ ਮੇਂ ਔਰ ਭਜਨ ਮੇਂ ਲਾ ਕੇ ਭੂਪ ਰੂਪ ਤਾਂ ਤੇ ਸੰਤ

ਜਨੋਂ ਨੇ ਮਨ ਕੋ ਵੱਸ ਕੀਤਾ।। ੧੭।।

ਦੋਹਰਾ।।

**ਰਘੁਪਤਿ ਗਣਪਤਿ ਵਾਕ ਪਤਿ ਤਿਨ ਪ੍ਰਤਿ ਨਿਤਪ੍ਰਤਿ ਬੰਧ।**

ਰਾਮ ਚੰਦਰ ਜੀ, ਗਣੇਸ਼ ਜੀ, ਸੁਰਸਵਤੀ, ਤਿੰਨਾਂ ਕੋ ਮੇਰੀ ਬੰਦਨਾ ਹੈ

**ਜਾਂਹਿ ਕ੍ਰਿਪਾ ਪ੍ਰਤਿਬੰਧ ਗਣ ਪ੍ਰਤਿ ਹਤਿ ਭਏ ਕੁਮੰਦ।। ੧੮।।**

ਜਿਨ੍ਹਾਂ ਦੀ ਕਿਰਪਾ ਤੇ ਸਭ ਪਾਪ ਨਾਸ ਹੁੰਦੇ ਹਨ।। ੧੮।।

**ਸਭਾ ਜਿੱਤ ਪਰਤਾਪ ਤੇ ਸਭਾ ਜਿੱਤ ਪਰ ਆਪ।**

ਇਸ ਸਭਾ ਜਿੱਤ ਦੇ ਪ੍ਰਤਾਪ ਤੇ ਪਰਾਈ ਸਭਾ ਜਿੱਤ ਲੈਂਦਾ ਹੈ।

**ਸਭਾ ਜਿੱਤ ਕੋ ਢਾਪ ਹੈ ਸਭਾ ਜਿੱਤ ਕੋ ਜਾਪ।। ੧੯।।**

ਦੂਜੀ ਸਭਾ ਕੋ ਦਬਾ ਲੈਂਦਾ ਹੈ, ਸਭਾ ਕੋ ਜਿੱਤ ਜਾਤਾ ਹੈ।। ੧੯।।

ਕਬਿੱਤ।।

**ਤਨ ਕੋ ਪਵਿਤ੍ਰ ਕਰੇ ਮਨ ਕੋ ਪਵਿੱਤ੍ਰ ਕਰੇ**
**ਤੀਰਥ ਸ਼ਨਾਨ ਕੇ ਜਹਾਨ ਜਸ ਜਾਨ ਹੈ।**

ਸਰੀਰ ਕੋ ਸ਼ੁੱਧ ਕਰਤਾ ਹੈ, ਮਨ ਕੋ ਪਵਿੱਤਰ ਕਰਤਾ ਹੈ। ਤੀਰਥ ਕੇ ਇਸ਼ਨਾਨ ਕਾ ਜੱਸ ਜਹਾਨ ਜਾਣਦਾ ਹੈ।

**ਮਨ ਕੋ ਵਿਸੁੱਧ ਕਰ ਜੀਵ ਕੋ ਪ੍ਰਬੁੱਧ ਕਰੇ**
**ਤੀਰਥੋਂ ਕੇ ਜਸ ਕਾ ਭੀ ਗ੍ਰੰਥੋਂ ਦ੍ਵਾਰਾ ਗਯਾਨ ਹੈ।**

ਮਨ ਸ਼ੁੱਧ ਕਰਦਾ ਹੈ ਜੀਵ ਕੋ, ਚੇਤਨ ਕਰਤਾ ਹੈ, ਤੀਰਥੋਂ ਕਾ ਜੱਸ ਗਰੰਥਾਂ ਵਿਚ ਭੀ ਹੈ।

**ਤਾਤੇ ਸਭਾ ਜਿਤ ਗ੍ਰੰਥ ਹਰਿਦਯਾਲ ਮੋਖ ਪੰਥ**
**ਭੇਦੇ ਚਿਦ ਜੜ ਗ੍ਰੰਥ ਬੁਧੀਮਾਨ ਹੈ।**

ਹਰਦਿਆਲ ਜੀ ਕਹਿਤੇ ਹੈਂ ਸਭਾ ਜਿੱਤ ਗਰੰਥ ਮੋਖ ਰੂਪ ਹੈ, ਚੇਤਨ

ਤੇ ਜੜ੍ਹ ਕੀ ਗੰਢ ਕੋ ਖੋਲ੍ਹੇ ਹੈਂ, ਇਸ ਕੋ ਬੁੱਧਵਾਨ ਜਾਨਤੇ ਹੈਂ।

**ਜੈਸੇ ਊਚ ਨੀਚ ਮੀਚ ਕਾਂਸ਼ੀ ਬੀਚ ਲਹੇ ਮੋਖ**
**ਤੀਨੋਂ ਦੇਵ ਵਰ ਦੀਨੋ ਸੋਭਾ ਤੀਨੋ ਮਾਨ ਹੈ।। ੨੦।।**

ਜੈਸੇ ਉੱਚੀ ਜਾਤ ਨੀਵੀਂ ਜਾਤ ਦਾ ਕਾਂਸ਼ੀ ਮੇਂ ਮਰੇ, ਸੋ ਮੋਖ ਪਾਤਾ ਹੈ, ਬ੍ਰਹਮਾਂ, ਵਿਸ਼ਨੂੰ, ਸ਼ਿਵ, ਨੇ ਵਰ ਦਿੱਤਾ ਹੈ, ਔਰ ਸੋਭਾ ਮਾਨ ਭੀ ਹੋਵੇ ਹੈ।। ੨੦।।

**ਦੋਹਰਾ।। ਬੇਦ ਸ਼ਾਸਤ੍ਰ ਜੁਗ ਕਾਲ ਤ੍ਰੈ ਸੁਰ ਨਰ-ਵਾ ਦ੍ਵੈ ਲੋਕ।**

ਚਾਰ ਬੇਦ, ਛੇ ਸ਼ਾਸਤ੍ਰ, ਚਾਰ ਜੁਗ, ਤਿੰਨ ਕਾਲ ਦੇਵਤਾ ਮਨੁੱਖ ਵਾ ਦੋਨੋਂ ਲੋਕ।

**ਹੈ ਪ੍ਰਮਾਣ ਉਨੀਸ ਮਹਿ ਮੁਕਤਿ ਦ੍ਵਾਰ ਸ਼ਿਵ ਓਕ।। ੨੧।।**

ਇਨ੍ਹਾਂ ਉਨੀਆਂ ਮੇਂ ਪਰਮਾਣ ਹੈ, ਕਾਂਸ਼ੀ ਜੀ ਮੁਕਤੀ ਦਾਤਾ ਸ਼ਿਵਜੀ ਕਾ ਘਰ ਹੈ।। ੨੧।।

**ਨਹਿ ਸੁੱਧ ਅਸੁੱਧ ਕੀ ਸੁੱਧ ਪਰੀ ਮਮ ਬੁਧਿ ਅਸੁੱਧ ਹੁਤੀ ਅਘ ਧਾਮਾ।**

ਕਵੀ ਜੀ ਕਹਿੰਦੇ ਹਨ, ਮੈਨੂੰ ਸ਼ੁੱਧੀ ਅਸ਼ੁੱਧੀ ਦੀ ਕੁਛ ਖਬਰ ਨਹੀਂ, ਮੇਰੀ ਬੁੱਧੀ ਪਾਪਾਂ ਦਾ ਘਰ ਹੈ।

**ਹਰਿਦਯਾਲ ਵਿਰੁੱਧ ਜੁ ਹੈ ਵਰਣਾਰਥ**
**ਸੁੱਧ ਕਰੋ ਤੁਮ ਹੇ ਕਵਿ ਸਯਾਮਾ।**

ਜੋ ਅੱਖਰ ਵਧ ਘਟ ਹੋਵੇ ਜਾਂ ਅਰਥ ਨਾ ਬਣੇ ਤੁਸੀਂ ਸ਼ੁੱਧ ਕਰ ਲਵੋ ਹੇ ਕਵੀਓ।

**ਨਭ ਨਾਗ ਸਿਧੀ ਸਸਿ ਸੰਬਤ ਸਾਵਣ ਮੰਗਲ ਤਿਥ ਛਟੀ ਪਖ ਸ਼ਾਮਾ।**

ਅਕਾਸ ੦, ਸਪਕਲੀ ੯, ਸਿਧੀ ੮, ਚੰਦਰਮਾਂ ੧, ਮਹੀਨਾ ਸਾਵਨ ੧੯੯੦ ਥਿਤ ੬ ਹਨੇਰਾ ਪੱਖ ਸੀ।

**ਚੁਹਣੀਪੁਰ ਮਾਹਿ ਅਰੰਭ ਕਰਯੋ**
**ਇਤਿ ਸ੍ਰੀ ਲਵ ਧਾਮ ਸਭਾ ਜਿਤ ਨਾਮਾ॥ ੨੨॥**

ਚੁਹਣੀਪੁਰੇ ਇਸ ਪੋਥੀ ਕਾ ਅਰੰਭ ਕੀਤਾ, ਲਾਹੌਰ ਵਿਚ ਸਮਾਪਤੰ॥ ੨੨॥

**ਦੋਹਰਾ॥ ਨੌ ਸਵੈਯੇ ਸੋਰਠਿਕ ਤ੍ਰੈ ਕਬਿੱਤ ਲਲਤੇਕ।**

ਨੌਂ ਸਵੈਯੇ ਹਨ, ਇਕ ਸੋਰਠਾ ਹੈ, ਤਿੰਨ ਕਬਿੱਤ ਹਨ, ਇਕ ਲਲਤ ਛੰਦ ਹੈ।

**ਦੋਹੇ ਪਾਂਚ ਨਰਾਜ ਦੁਇ ਇਕੀ ਛੰਦ ਬਿਬੇਕ॥**

ਪੰਜ ਦੋਹਰੇ ਹਨ, ਦੋ ਨਰਾਜ ਛੰਦ ਹਨ, ਸਾਰੇ ਇੱਕੀ ਛੰਦ ਹਨ।

**ਇਤਿ ਸ੍ਰੀ ਸਾਰੁਕਤਾਵਲੀ ਸਿਸ਼੍ਰਤ ਪੰਦ੍ਰਸ ਪਾਠ।**
**ਸਭਾ ਜਿੱਤ ਕੇ ਛੰਦ ਸਭ ਦੋ ਸੈ ਪਾਂਡਵ ਆਠ।**

ਇਤਿ ਸ੍ਰੀ ਸਾਰੁਕਤਾਵਲੀ ਪੰਦਰਵਾਂ ਧਿਆਇ ਸਮਾਪਤੰ, ਇਸ ਗ੍ਰੰਥ ੫ ੨੫੮ ਛੰਦ ਹੈਂ।

॥ ਸਾਰੁਕਤਾਵਲੀ ਸਟੀਕ ਸੰਪੂਰਣੰ॥



ISBN 81-7601-534-6